Estd. 2000

ਫਰਵਰੀ/February - 2024
ਸਾਲ/Year - 08
ਅੰਕ/Edition - 11
ਕੁੱਲ ਸਫ਼ੇ/Total Page 12+4=16

Anual Subcription 500/-

Regd. Office :
1195, Ajit Nagar
Moga 142001 (Pb.)

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' • ਲਾਈਵ

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ * ਉਪ ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ

Title Regd No. PUNPUN 04016 * Helpline 9988-92-9988, Email:chief_editor@mehakwatandilive.com www.mehakwatandilive.com



ਚੰਦ ਪੁਰਾਣੇ ਦਾ
**ਸਲਾਨਾ ਜੋੜ ਮੇਲਾ**
17 ਮਾਰਚ 2024
ਦਿਨ ਐਤਵਾਰ ਨੂੰ
- ਬਾਬਾ ਗੁਰਦੀਪ ਸਿੰਘ ਜੀ

FOLLOW US ON facebook

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉੱਤੇ ਵੀ ਲਾਗਇਨ ਕਰ ਸਕਦੇ ਹੋ।
www.facebook/mehakwattandilive
ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਆਪਣੇ ਫ਼ੋਨ, ਟੈਬ ਜਾਂ ਕੰਪਿਊਟਰ ਕਲਿੱਕ ਕਰੋ
www.mehakwatandilive.com
'ਮਹਿਕ ਵਤਨ ਦੀ ਲਾਈਵ' ਮੈਗਜ਼ੀਨ ਅਤੇ ਰੋਜ਼ਾਨਾ ਆਨਲਾਈਨ ਅਖ਼ਬਾਰ ਵਾਸਤੇ ਲੇਖ, ਆਰਟੀਕਲ ਅਤੇ ਹੋਰ ਸਮੱਗਰੀ ਭੇਜਣ ਵਾਸਤੇ ਈ-ਮੇਲ
mehakwattandi@rediffmail.com
'ਮਹਿਕ ਵਤਨ ਦੀ ਲਾਈਵ' ਰੋਜ਼ਾਨਾ ਆਨਲਾਈਨ ਅਖ਼ਬਾਰ ਅਤੇ ਵੈੱਬ ਟੀ.ਵੀ. ਵਾਸਤੇ ਖ਼ਬਰਾਂ ਭੇਜਣ ਵਾਸਤੇ ਈ-ਮੇਲ
mehakwattandi.tv@gmail.com












ਬੱਚਿਓ ! ਬਸੰਤ ਮਨਾਓ, ਪਰ ਖ਼ੂਨੀ ਡੋਰਾਂ ਵਾਲੀਆਂ ਪਤੰਗਾਂ ਨਾਲ ਨਹੀਂ
- ਡਾ. ਅਮਨਦੀਪ ਕੌਰ ਅਰੋੜਾ

## ਗੁਰਦੁਆਰਾ ਬਾਬੇ ਸ਼ਹੀਦਾਂ ਚੰਦ ਪੁਰਾਣਾ 'ਚ ਹੋਈਆਂ ਪੁਰਾਤਨ ਖੇਡਾਂ ਵਿਚ ਬਾਜ਼ੀਗਰਾਂ ਨੇ ਕੀਤਾ ਆਪਣੀ ਕਲਾ ਦਾ ਪ੍ਰਦਰਸ਼ਨ

ਇਹ ਖੇਡਾਂ ਆਉਂਦੀਆਂ ਪੀੜ੍ਹੀਆਂ ਨੂੰ ਲੋਕ ਸੱਭਿਆਚਾਰ ਨਾਲ ਜੋੜਨ ਦਾ ਵਸੀਲਾ ਹਨ - ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ





ਉੱਘੇ ਸਮਾਜ ਸੇਵੀ ਡਾ. ਐਸ.ਪੀ. ਸਿੰਘ ਓਬਰਾਏ ਜੀ ਵੱਲੋਂ ਮਹਿਕ ਵਤਨ ਦੀ ਲਾਈਵ ਬਿਓਰੋ ਦੀ ਸਲਾਨਾ ਡਾਇਰੀ ਲੋਕ ਅਰਪਣ ਅਤੇ ਕੋਟ-ਈਸੇ ਖਾਂ ਵਿਖੇ ਸਨੀ ਓਬਰਾਏ ਲੈਬ ਦਾ ਉਦਘਾਟਨ



ਧੰਨ-ਧੰਨ ਸੰਤ ਬਾਬਾ ਨੰਦ ਸਿੰਘ ਜੀ
ਮਹਾਰਾਜ ਲੋਹਾਰੇ ਵਾਲਿਆਂ ਦੀ

# ਸਲਾਨਾ 24ਵੀਂ ਬਰਸੀ

## 10 ਅਪ੍ਰੈਲ 2024 ਨੂੰ

**ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ (ਜ਼ਿਲ੍ਹਾ ਮੋਗਾ)**

(ਤਪ ਅਸਥਾਨ ਤੇ ਅੰਗੀਠਾ ਸਾਹਿਬ ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ)
ਵਿਖੇ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਈ ਜਾਵੇਗੀ।

ਬਰਸੀ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ 8 ਅਪ੍ਰੈਲ 2024 ਨੂੰ ਆਰੰਭ ਹੋਣਗੇ। ਮਿਤੀ 10 ਅਪ੍ਰੈਲ 2024 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਣਗੇ।

ਬਰਸੀ ਸਮਾਗਮ ਦੌਰਾਨ ਦਸਤਾਰ ਮੁਕਾਬਲੇ ਕਰਵਾਏ ਜਾਣਗੇ ਅਤੇ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਜਾਵੇਗਾ।

ਸਮੂਹ ਸੰਗਤ ਨੂੰ ਇਨ੍ਹਾਂ ਦਿਨਾਂ 'ਤੇ ਹਾਜ਼ਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।



ਮੁੱਖ ਸੇਵਾਦਾਰ
**ਬਾਬਾ ਜਸਵੀਰ ਸਿੰਘ ਜੀ ਲੋਹਾਰਾ**
ਅਤੇ ਸਮੂਹ ਸਾਧ ਸੰਗਤ। ਮੋ. 95017-70065





ਸੱਚਖੰਡ ਵਾਸੀ ਸ਼੍ਰੀ ਮਾਨ
ਸੰਤ ਬਾਬਾ ਹੀਰਾ ਸਿੰਘ ਜੀ ਖੁਖਰਾਣਾ

ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਹਰ ਸਾਲ 17 ਮੱਘਰ ਨੂੰ ਮਨਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਸਥਾਨ ਦੇ ਸੇਵਕ ਬਾਬਾ ਹਾਕਮ ਸਿੰਘ ਜੀ ਦੀ ਬਰਸੀ ਦੇ ਭੋਗ ਹਰ ਸਾਲ ਦੀਵਾਲੀ ਵਾਲੇ ਦਿਨ ਪਾਏ ਜਾਂਦੇ ਹਨ।

# ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ
ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

ਇਸ ਅਸਥਾਨ ਤੇ ਸੰਗਤਾਂ ਦਸਵੀਂ ਦੇ ਦਿਹਾੜੇ ਤੇ ਪ੍ਰਸ਼ਾਦਾ ਲੈ ਕੇ ਆਉਂਦੀਆਂ ਹਨ।



ਸਮੂਹ ਸੰਗਤ ਨੂੰ ਇਨ੍ਹਾਂ ਦਿਨਾਂ 'ਤੇ ਹਾਜ਼ਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

ਬੇਨਤੀ ਕਰਤਾ : ਸੇਵਾਦਾਰ :
**ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖ਼ੁਰਦ ਵਾਲੇ**
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ




ਬਸੰਤ ਪੰਚਮੀ ਤੇ ਸੰਤ ਬਾਬਾ ਰੇਸ਼ਮ ਸਿੰਘ ਜੀ ਵੱਲੋਂ ਬੱਚਿਆਂ ਨੂੰ ਅਪੀਲ : ਬੱਚਿਓ ਪਤੰਗਾਂ ਉਡਾਓ ! ਬਸੰਤ ਮਨਾਓ ਪਰ ਖ਼ੂਨੀ ਡੋਰਾਂ ਵਾਲੀਆਂ ਪਤੰਗਾਂ ਨਾਲ ਨਹੀਂ। ਕਿਤੇ ਤੁਹਾਡੀ ਮੌਜ ਮਸਤੀ ਕਿਸੇ ਦੀ ਮੌਤ ਦਾ ਕਾਰਨ ਨਾ ਬਣ ਜਾਵੇ। ਚਾਈਨਾਂ ਡੋਰ ਦਾ ਬਾਈਕਾਟ ਕਰੋ ਤੇ ਪੰਛੀਆਂ ਦੀ ਜਾਨਾਂ ਬਚਾਓ।

# ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲੇ

(ਮੁੱਖ ਸੇਵਾਦਾਰ : ਗੁ: ਦੁੱਖ ਭੰਜਨਸਰ ਸਾਹਿਬ) ਸੀਨੀ. ਮੀਤ ਪ੍ਰਧਾਨ ਗੁਰ ਸ਼ਬਦ ਪ੍ਰਚਾਰ ਸੰਤ ਸਮਾਜ
ਮੈਂਬਰ : ਖ਼ਾਲਸਾ ਐਕਸ਼ਨ ਕਮੇਟੀ, ਸਰਪ੍ਰਸਤ : ਦੁੱਖ ਭੰਜਨ ਸੇਵਾ ਸੁਸਾਇਟੀ ਖੁਖਰਾਣਾ

ਜਾਰੀ ਕਰਤਾ : ਬਲਜਿੰਦਰ ਸਿੰਘ 'ਗੋਰਾ' (ਜੁਆਇੰਟ ਸੈਕਟਰੀ : ਆਪ ਜ਼ਿਲ੍ਹਾ ਮੋਗਾ, ਮੋ. 98153-11318

# ਪਿੰਡ ਖੁਖਰਾਣਾ ਵਿਖੇ ਹੋਏ ਵਿਸ਼ਾਲ ਨਗਰ ਕੀਰਤਨ ਦੀਆਂ ਕੁੱਝ ਝਲਕੀਆਂ








ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਆਓ ! ਆਪਣੀ ਮਾਤਰ ਭਾਸ਼ਾ ਪੰਜਾਬੀ ਨੂੰ ਪ੍ਰਫੁਲਤ ਕਰੀਏ

ਮਾਤਰ ਭਾਸ਼ਾ ਦਿਵਸ ਹਰ ਸਾਲ ਆਉਂਦਾ ਹੈ ਤੇ ਲੰਘ ਜਾਂਦਾ ਹੈ। ਹਰ ਸਾਲ ਹੀ ਇਸ ਦਿਨ ਬਹੁਤ ਸੰਸਥਾਵਾਂ ਵੱਲੋਂ ਪੰਜਾਬੀ ਭਾਸ਼ਾ ਪ੍ਰਫੁਲਤ ਕਰਨ ਲਈ ਬਹੁਤ ਤਰ੍ਹਾਂ ਦੇ ਉਪਰਾਲੇ ਕਰਨ ਦੇ ਪ੍ਰੋਗਰਾਮ ਉਲੀਕੇ ਜਾਂਦੇ ਜਨ। ਪਰ ਇਨ੍ਹਾਂ ਵਿੱਚ ਅਸਲ ਘੱਟ ਤੇ ਵਿਖਾਵਾ ਜ਼ਿਆਦਾ ਹੁੰਦਾ ਹੈ। ਇਸ ਦਿਨ ਉੱਚੀ-ਉੱਚੀ ਨਾਅਰੇ ਲਾ ਕੇ ਪੰਜਾਬੀ ਦੀ ਜੈ-ਜੈ ਕਾਰ ਕਰਨ ਵਾਲੇ, ਹੱਥਾਂ ਵਿੱਚ ਤਖਤੀਆਂ ਫੜ ਕੇ ਪੰਜਾਬੀ ਲਾਗੂ ਕਰਨ ਦੀਆਂ ਕੂਕਾ ਮਾਰਦੇ ਕਈ ਪਤਵੰਤੇ ਰੁਟੀਨ ਵਿੱਚ ਆਪਣੇ ਸਾਈਨ ਵੀ ਅੰਗਰੇਜ਼ੀ ਵਿੱਚ ਕਰਦੇ ਹਨ। ਕਈ ਅਜਿਹੇ ਵਿਅਕਤੀ ਜਿਨ੍ਹਾਂ ਦਾ ਪੰਜਾਬੀ ਭਾਸ਼ਾ ਅਤੇ ਪੰਜਾਬੀ ਵਿਰਸੇ ਦੀ ਪ੍ਰਫੁਲਤਾ ਵਿੱਚ ਇੱਕ ਤੋਲਾ ਵੀ ਯੋਗਦਾਨ ਨਹੀਂ ਹੁੰਦਾ ਉਨ੍ਹਾਂ ਦਾ ਆਪਣੇ ਵੱਲੋਂ ਬਣਾਈਆਂ ਸੰਸਥਾਵਾਂ ਵੱਲੋਂ ਹੀ ਵਿਸ਼ੇਸ਼ ਤੌਰ ਤੇ ਸਨਮਾਨ ਕਰ ਦਿੱਤਾ ਜਾਂਦਾ ਹੈ। ਸਭ ਵਿਖਾਵਾ ਹੈ, ਸਭ ਡਰਾਮਾ ਹੈ।

ਆਪਣੀ ਮਾਤਰ ਭਾਸ਼ਾ ਤੋਂ ਇਲਾਵਾ ਹੋਰ ਭਾਸ਼ਾਵਾਂ ਸਿੱਖਣਾ ਗਲਤ ਗੱਲ ਨਹੀਂ ਹੈ ਪਰ ਹੋਰ ਭਾਸ਼ਾਵਾਂ ਨੂੰ ਸਿੱਖ ਕੇ ਆਪਣੀ ਮਾਤਰ ਭਾਸ਼ਾ ਨੂੰ ਅੱਖੋਂ ਪਰੋਖੋ ਕਰਨਾ ਆਪਣੀ ਮਾਂ ਨੂੰ ਵਿਸਾਰਨ ਵਾਂਗ ਹੈ। ਹੋਰ ਭਾਸ਼ਾਵਾਂ ਰਾਹੀਂ ਅਸੀਂ ਗੱਲਬਾਤ ਤਾਂ ਚਾਹੇ ਕਰ ਲਈਏ ਪਰ ਕਿਸੇ ਦੇ ਦਿਲ ਤੇ ਛਾਪ ਨਹੀਂ ਛੱਡ ਸਕਦੇ। ਖੁੱਲ ਕੇ ਗੱਲ ਸਿਰਫ ਆਪਣੀ ਮਾਤਰ ਭਾਸ਼ਾ ਰਾਹੀਂ ਹੀ ਕੀਤੀ ਜਾਂਦੀ ਹੈ ਅਤੇ ਆਪਣੀਆਂ ਫੀਲਿੰਗ ਹਮੇਸ਼ਾ ਆਪਣੀ ਮਾਤਰ ਭਾਸ਼ਾ ਰਾਹੀਂ ਹੀ ਦਰਸਾਈਆਂ ਜਾ ਸਕਦੀਆਂ ਹਨ। ਅਸੀਂ ਆਪਣੇ ਦਿਲ ਦੀ ਆਵਾਜ਼ ਚੰਗੀ ਤਰ੍ਹਾਂ ਸਿਰਫ ਆਪਣੀ ਮਾਤਰ ਭਾਸ਼ਾ ਰਾਹੀਂ ਹੀ ਬਿਆਨ ਕਰ ਸਕਦੇ ਹਾਂ। ਕਿਸੇ ਨੇ ਕਿਹਾ ਹੈ ਕਿ ਮਨੁੱਖ ਚਾਹੇ ਜਿੰਨੀਆਂ ਮਰਜ਼ੀ ਭਾਸ਼ਾਵਾਂ ਸਿੱਖ ਲਵੇ ਪਰ ਉਹ ਗਾਲ੍ਹ ਹਮੇਸ਼ਾ ਆਪਣੀ ਮਾਤਰ ਭਾਸ਼ਾ ਵਿੱਚ ਹੀ ਕੱਢੇਗਾ।

ਆਪਣੀ ਮਾਤਰ ਭਾਸ਼ਾ ਨੂੰ ਪ੍ਰਫੁਲਤ ਕਰਨਾ ਸਾਡਾ ਫਰਜ ਵੀ ਹੈ। ਸੋ ਆਓ ਆਪਣੀ ਮਾਤਰ ਭਾਸ਼ਾ ਪੰਜਾਬੀ ਨੂੰ ਪ੍ਰਫੁਲਤ ਕਰਨ ਲਈ ਕੁਝ ਉਪਰਾਲੇ ਕਰੀਏ। ਇਸ ਦੀ ਸ਼ੁਰੂਆਤ ਸਾਨੂੰ ਆਪ ਨੂੰ ਹੀ ਕਰਨੀ ਪੈਣੀ ਹੈ। ਪੰਜਾਬੀ ਭਾਸ਼ਾ ਦੀ ਪ੍ਰਫੁਲਤ ਲਈ ਸਭ ਤੋਂ ਪਹਿਲਾ ਇਹ ਜ਼ਰੂਰੀ ਹੈ ਕਿ ਜਿਥੇ ਵੀ ਹੋ ਸਕੇ ਅਸੀਂ ਪੰਜਾਬੀ ਹੀ ਲਿਖੀਏ ਤੇ ਬੋਲੀਏ। ਪੰਜਾਬ ਵਿੱਚ ਕੁੱਝ ਸਮੇਂ ਬਾਅਦ ਹੀ ਕੋਈ ਨਾ ਕੋਈ ਤਿਉਹਾਰ ਆਇਆ ਰਹਿੰਦਾ ਹੈ ਆਪਣੇ ਸਕੇ-ਸਬੰਧੀਆਂ, ਭੈਣ-ਭਰਾਵਾਂ ਅਤੇ ਦੋਸਤਾਂ ਮਿੱਤਰਾਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਪੰਜਾਬੀ ਵਿੱਚ ਲਿਖ ਕੇ ਭੇਜੀਆ ਜਾਣ। ਜੇਕਰ ਅੰਗਰੇਜ਼ੀ ਜਾਂ ਕਿਸੇ ਹੋਰ ਭਾਸ਼ਾ ਵਿੱਚ ਵਧਾਈ, ਸ਼ੁਭਕਾਮਨਾਵਾਂ ਅਤੇ ਹੋਰ ਵਧੀਆਂ ਸਮੱਗਰੀ ਮਿਲਦੀ ਹੈ ਤੇ ਉਸ ਦੇ ਨਾਲ ਪੰਜਾਬੀ ਦੇ ਚਾਰ ਸ਼ਬਦ ਜ਼ਰੂਰ ਪਾ ਦੇਈਏ ਤਾਂ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਵਿੱਚ ਬਹੁਤ ਵੱਡਾ ਹਿੱਸਾ ਪੈ ਸਕਦਾ ਹੈ। ਇਸ ਦੇ ਨਾਲ ਏ.ਟੀ.ਐਮ. ਵਿਚੋਂ ਪੈਸੇ ਕਢਵਾਉਣ ਲਈ, ਗੈਸ ਸੈਲੰਡਰ ਬੁੱਕ ਕਰਵਾਉਣ ਲਈ, ਮੋਬਾਇਲ ਦੀ ਵਰਤੋਂ ਕਰਨ ਲੱਗੇ ਅਤੇ ਹੋਰ ਕਈ ਅਜਿਹੇ ਕੰਮ-ਕਾਰ ਹੁੰਦੇ ਹਨ, ਸਬੰਧਤ ਐਪ ਜਿਸ ਵਿੱਚ ਸਭ ਤੋਂ ਪਹਿਲਾ ਆਪਣੀ ਭਾਸ਼ਾ ਨੂੰ ਚੁਨਣ ਲਈ ਕਿਹਾ ਜਾਂਦਾ ਹੈ, ਉਸ ਵਿੱਚ ਆਪਾ ਆਪਣੀ ਮਾਤਰ ਭਾਸ਼ਾ ਪੰਜਾਬੀ ਨੂੰ ਹੀ ਚੁਣੀਏ। ਜਦ ਗੂਗਲ ਸਰਚ ਵਿੱਚ ਪੰਜਾਬੀ ਉੱਪਰ ਆ ਜਾਵੇਗੀ ਤਾਂ ਵੱਡੀਆਂ ਕੰਪਨੀਆਂ ਨੂੰ ਆਪਣੀਆਂ ਐਪ ਅਤੇ ਵੈੱਬ ਸਾਈਟਾਂ ਵਿੱਚ ਪੰਜਾਬੀ ਪਾਉਣੀ ਹੀ ਪਵੇਗੀ। ਇਸ ਤਰ੍ਹਾਂ ਪੰਜਾਬੀ ਭਾਸ਼ਾ ਦਾ ਲੈਵਲ ਉੱਚਾ ਹੋਵੇਗਾ।

ਹੁਣ ਤਾਂ ਪੰਜਾਬ ਸਰਕਾਰ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਸਰਕਾਰੀ ਦਫ਼ਤਰਾਂ ਵਿੱਚ ਲਾਗੂ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਕਈ ਫਾਉਡੇਸ਼ਨਾਂ, ਸੋਸਾਇਟੀਆਂ, ਐਨ.ਜੀ.ਓ. ਆਦਿ ਵੀ ਪੰਜਾਬੀ ਮਾਤਰ ਭਾਸ਼ਾ ਨੂੰ ਪ੍ਰਫੁਲਤ ਕਰਨ ਲਈ ਸੰਘਰਸ਼ ਕਰ ਰਹੀਆਂ ਹਨ। ਹੁਣ ਵਿਦੇਸ਼ਾਂ ਵਿੱਚ ਵੀ ਸਾਈਨ ਬੋਰਡ ਪੰਜਾਬੀ ਭਾਸ਼ਾ ਲਿਖੇ ਜਾਣ ਲੱਗੇ ਹਨ। ਪੰਜਾਬ ਵਿੱਚ ਵੀ ਵੱਡੇ ਅਦਾਰੇ ਆਪਣੀਆਂ ਫਰਮਾਂ ਦੇ ਨਾਮ ਪੰਜਾਬੀ ਵਿੱਚ ਲਿਖਣ ਲੱਗ ਪਏ ਹਨ। ਚਾਹੇ ਇਹ ਸਰਕਾਰੀ ਡਰ ਕਾਰਨ ਹੀ ਹੈ ਪਰ ਫਿਰ ਵੀ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਤਾਂ ਹੋਵੇਗੀ। ਇਹ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਦਾ ਸ਼ੁੱਭ ਸੰਕੇਤ ਹੈ।

ਪਰ ਇੱਕ ਬੜੇ ਅਫਸੋਸ ਦੀ ਗੱਲ ਹੈ। ਸਮਝ ਨਹੀਂ ਆਉਂਦੀ ਕਿ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਨ ਵਾਲੇ ਪੰਜਾਬੀ ਗਾਇਕੀ ਆਪਣੇ ਗੀਤਾਂ ਦਾ ਪੋਸਟਰ ਪੰਜਾਬੀ ਵਿੱਚ ਕਿਉਂ ਨਹੀਂ ਬਣਾਉਂਦੇ? ਸਾਨੂੰ ਅਜਿਹੇ ਸਵਾਰਥੀ ਕਲਾਕਾਰਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਅੰਗਰੇਜ਼ੀ ਵਿੱਚ ਬਣੇ ਪੰਜਾਬੀ ਗਾਇਕ ਦੇ ਪੋਸਟਰ ਨੂੰ ਅੱਖੋਂ ਪਰੋਖੇ ਕਰਨਾ ਚਾਹੀਦਾ ਹੈ। ਸਾਨੂੰ ਪੰਜਾਬੀ ਅਖ਼ਬਾਰਾਂ, ਪੰਜਾਬੀ ਮੈਗਜ਼ੀਨ ਅਤੇ ਸਬੰਧਤ ਪੰਜਾਬੀ ਦੀ ਪ੍ਰਫੁਲਤਾ ਕਰਨ ਵਾਲੇ ਅਦਾਰਿਆਂ ਨੂੰ ਅੰਗਰੇਜ਼ੀ ਵਿੱਚ ਬਣੇ ਪੰਜਾਬੀ ਗਾਇਕਾਂ ਦੇ ਪੋਸਟਰਾਂ ਨੂੰ ਪੂਰੀ ਤਰ੍ਹਾਂ ਨਿਕਾਰਨਾ ਚਾਹੀਦਾ ਹੈ ਤਾਂ ਜੋ ਸਬੰਧਤ ਕੰਪਨੀਆਂ ਨੂੰ ਅਕਲ ਆ ਸਕੇ ਤੇ ਉਹ ਆਪਣੇ ਨਿੱਜੀ ਸਵਾਰਥਾਂ ਨੂੰ ਛੱਡ ਕੇ ਪੰਜਾਬੀ ਭਾਸ਼ਾ ਨੂੰ ਬਣਦਾ ਮਾਨ ਸਨਮਾਨ ਦੇ ਸਕਣ। ਇਸੇ ਤਰ੍ਹਾਂ ਮਾਲ ਵਿਭਾਗ ਵਿੱਚ ਅਜੇ ਵੀ ਫ਼ਾਰਸੀ, ਉਰਦੂ ਦੇ ਸ਼ਬਦ ਲਿਖੇ ਜਾਂਦੇ ਹਨ ਜਿਹੜੇ ਸਾਨੂੰ ਸਮਝ ਵੀ ਨਹੀਂ ਆਉਂਦੇ, ਸਰਕਾਰ ਨੂੰ ਉਸ ਦਾ ਫੇਰ ਬਦਲ ਕਰਕੇ ਉਹ ਪੂਰੀ ਤਰ੍ਹਾਂ ਪੰਜਾਬੀ ਵਿੱਚ ਕਰਨੇ ਚਾਹੀਦੇ ਹਨ।

ਅਸੀਂ ਜੋ ਕਰ ਸਕਦੇ ਹਾਂ ਸਾਨੂੰ ਕਰਨਾ ਚਾਹੀਦਾ ਹੈ। ਰੋਜ਼ਾਨਾ ਭੇਜੇ ਜਾਣ ਵਾਲੇ ਗੁੱਡ ਮਾਰਨਿੰਗ, ਗੁੱਡ ਨਾਈਟ ਆਦਿ ਦੇ ਪਿਕਚਰ ਮੈਸਿਜ ਤੇ ਨਾਲ ਪੰਜਾਬੀ ਵਿੱਚ ਸ਼ੁੱਭ ਸਵੇਰਾ, ਸੁਭਾ ਦੀ ਸਤਿ ਸ੍ਰੀ ਅਕਾਲ ਜੋ ਵੀ ਸ਼ਬਦ ਢੁਕਵਾਂ ਲੱਗੇ ਉਹ ਪਾ ਦੇਈਏ। ਇਸ ਦੀ ਸ਼ੁਰੂਆਤ ਲਈ ਅਸੀਂ 'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਗੁੱਡ ਮਾਰਨਿੰਗ ਦੇ ਪੂਰੇ ਸਾਲ ਦੇ ਮੈਸਿਜ ਪੰਜਾਬੀ ਵਿੱਚ ਸ਼ੁੱਭ ਸਵੇਰਾ, ਸੁਭਾ ਦੀ ਸਤਿ ਸ੍ਰੀ ਅਕਾਲ ਆਦਿ ਲਿਖ ਕੇ ਉਸ ਦੇ ਨਾਲ ਪੰਜਾਬੀ ਵਿਰਸੇ ਦੀ ਫੋਟੋ ਲਗਾ ਕੇ ਸਾਰੇ ਸਾਲ ਦੀਆਂ ਤਾਰੀਖਾਂ ਦੇ ਪੰਜਾਬੀ ਵਿੱਚ ਬਣਾਈਆਂ ਹਨ। ਅੰਗਰੇਜ਼ੀ ਵਿੱਚ ਵੀ ਗੁੱਡ ਮਾਰਨਿੰਗ ਲਿਖਿਆ ਹੈ ਤਾਂ ਜੋ ਘੱਟ ਪੰਜਾਬੀ ਪੜ੍ਹੇ ਸਾਡੇ ਵਿਦੇਸ਼ਾਂ ਦੇ ਬੱਚਿਆਂ ਨੂੰ ਵੀ ਪਤਾ ਲੱਗੇ ਕਿ ਗੁੱਡ ਮਾਰਨਿੰਗ ਪੰਜਾਬੀ ਵਿੱਚ ਕਿਸ ਤਰ੍ਹਾਂ ਹੁੰਦਾ ਹੈ। ਇਸ ਮਕਸਦ ਨਾਲ ਗੁੱਡ ਮਾਰਨਿੰਗ ਦੇ ਪੰਜਾਬੀ ਮੈਸੇਜ ਅਤੇ ਨਾਲ ਹੀ ਪੰਜਾਬੀ ਵਿਰਸੇ ਨਾਲ ਸਬੰਧਤ ਤਸਵੀਰਾਂ ਲਗਾ ਕੇ 365 ਪੋਸਟਾਂ ਤਿਆਰ ਕੀਤੀਆਂ ਹਨ ਅਤੇ ਸਾਰਿਆਂ ਮਹੀਨਿਆਂ ਦੀਆਂ ਮੱਸਿਆ, ਪੁੰਨਿਆਂ, ਸੰਗਰਾਂਦ ਅਤੇ ਹਰ ਦਿਨ-ਤਿਉਹਾਰ ਦੇ ਮੈਸਿਜ ਅੰਗਰੇਜ਼ੀ ਦੇ ਨਾਲ ਪੰਜਾਬੀ ਵਿੱਚ ਵੀ ਲਿਖ ਕੇ ਸਾਰੇ ਸਾਲ ਦੀਆਂ ਪੋਸਟਾ ਤਿਆਰ ਕੀਤੀਆਂ ਹਨ। ਮੈਂ ਇਨ੍ਹਾਂ ਪੋਸਟਾਂ ਵਿੱਚ ਪੰਜਾਬੀ ਦੇ ਨਾਲ ਅੰਗਰੇਜ਼ੀ ਵਿੱਚ ਵੀ ਸਬੰਧਤ ਤਿਉਹਾਰ ਬਾਰੇ ਦੋ-ਚਾਰ ਸ਼ਬਦ ਲਿਖੇ ਹਨ ਉਹ ਇਸ ਲਈ ਲਿਖ ਰਿਹਾ ਹਾਂ ਕਿ ਸਾਡੇ ਹੀ ਬਹੁਤ ਸਾਰੇ ਵਿਦੇਸ਼ੀ ਭੈਣ ਭਰਾ ਅਤੇ ਦੋਸਤ ਮਿੱਤਰ ਹਨ ਜਿਹੜੇ ਥੋੜੀ ਬਹੁਤੀ ਹੀ ਪੰਜਾਬੀ ਜਾਣਦੇ ਹਨ ਜਦ ਉਨ੍ਹਾਂ ਤੱਕ ਇਹ ਦੋਭਾਸ਼ੀ ਮੈਸਿਜ ਪਹੁੰਚਣਗੇ ਤਾਂ ਉਹ ਵੀ ਪੰਜਾਬੀ ਬਾਰੇ ਕੁੱਝ ਜਾਣਕਾਰ ਹੋਣਗੇ।

'ਮਹਿਕ ਵਤਨ ਦੀ ਲਾਈਵ' ਬਿਓਰੋ ਇਸ ਕਾਰਜ ਵਿੱਚ ਆਪ ਜੀ ਦਾ ਸਹਿਯੋਗ ਦੇਵੇਗਾ। ਜੇਕਰ ਕੋਈ ਮੈਸਿਜ ਵਧਾਈ, ਸ਼ੁਭਕਾਮਨਾ ਜਾਂ ਹੋਰ ਵਧੀਆਂ ਸਮੱਗਰੀ ਜਿਸ ਨੂੰ ਤੁਸੀਂ ਪੰਜਾਬੀ ਵਿੱਚ ਲਿਖਣਾ ਚਾਹੁੰਦੇ ਹੋ ਪਰ ਤੁਸੀਂ ਕਿਸੇ ਕਾਰਨ ਨਹੀਂ ਲਿਖ ਸਕਦੇ, ਤੁਹਾਡੇ ਕੋਲ ਪੰਜਾਬੀ ਟਾਈਪ ਕਰਨ ਦਾ ਕੋਈ ਜ਼ਰੀਆ (ਸੋਰਸ) ਨਹੀਂ ਹੈ ਜਾਂ ਫੋਟੋ ਐਡਿਟਿੰਗ ਕਰਨ ਦਾ ਕੋਈ ਜਰੀਆ (ਸੋਰਸ) ਨਹੀਂ ਹੈ ਤਾਂ ਸਾਡੇ ਨਾਲ ਸੰਪਰਕ ਕਰੋ। ਅਸੀਂ ਇਹ ਸੇਵਾ ਤੁਹਾਨੂੰ ਮੁਫਤ ਵਿੱਚ ਦੇਵਾਂਗੇ। ਸੋ ਆਓ ਆਪਾਂ ਦਿਖਾਵੇ ਨੂੰ ਤਿਆਗ ਕੇ ਅਸਲ ਵਿੱਚ ਆਪਣੀ ਮਾਤਰ ਭਾਸ਼ਾ ਪੰਜਾਬੀ ਨੂੰ ਪ੍ਰਫੁਲਤ ਕਰੀਏ ! ਆਪਣੀ ਮਾਤਰ ਭਾਸ਼ਾ ਪੰਜਾਬੀ ਨੂੰ ਪ੍ਰਫੁਲਤ ਕਰਨ ਵਿੱਚ ਜ਼ਰੂਰ ਤਿਲ ਮਾਤਰ ਯੋਗਦਾਨ ਪਾਈਏ।

ਭਵਨਦੀਪ ਸਿੰਘ

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ


ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 | Year 8 | Edition 11 | Issue Date 05-02-2024

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਇੰਚਾਰਜ (ਪ੍ਰਿੰਟਿੰਗ ਵਿਭਾਗ) : ਸੁਖਜੀਤ ਸਿੰਘ ਵਾਲੀਆ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਾਰੇਵਾਲਾ
ਜ਼ਿਲ੍ਹਾ ਇੰਚਾਰਜ (ਜਲੰਧਰ) : ਜਸਵਿੰਦਰ ਕੌਰ ਜੱਸੀ
ਸਟਾਫ਼ ਪ੍ਰੈਸ ਫੋਟੋਗ੍ਰਾਫਰ : ਮਨਮੋਹਨ ਸਿੰਘ ਚੀਮਾ



GURU NANAK LIBRARY

ऑनलाईन फार्म | एडमिशन फार्म | रिजल्ट
पासपोर्ट | पैन कार्ड | लैमिनेशन

यहां पर सभी प्रकार के Competition से Related Books
मार्किट से सस्ते रेटों पर मिलती है।

यहां पर IGNOU, के सभी प्रकार
के फार्म भरने की सुविधा है।

99929-99115
onlinesolution811@gmail.com

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਟਾਇਪ ਕਰਕੇ ਮੈਗਜ਼ੀਨ ਦੀ ਈ-ਮੇਲ ਜਾਂ ਵਟਸਐਪ ਨੰਬਰ 'ਤੇ ਭੇਜੀਆਂ ਜਾਣ ਜੀ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।


ਡਿਜ਼ਾਇਨਿੰਗ :
Walia Enterprises
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।




### ਚੰਦ ਪੁਰਾਣੇ ਦੇ ਸਾਲਾਨਾ ਸ਼ਹੀਦੀ ਜੋੜ ਮੇਲੇ 'ਤੇ ਵਿਸ਼ੇਸ਼

# ਇਤਿਹਾਸ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦਪੁਰਾਣਾ





ਧੰਨ-ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ

ਇਸ ਨਗਰ ਪਿੰਡ ਚੰਦ ਪੁਰਾਣਾ ਦੇ ਮਹਾਨ ਸੂਰਬੀਰ ਯੋਧੇ ਬਾਬਾ ਤੇਗਾ ਸਿੰਘ ਜੀ ਹੋਏ ਸਨ ਆਪ ਜੀ ਚਾਰ ਭਰਾ ਸਨ ਅਤੇ ਬਾਬਾ ਜੀ ਸਾਰਿਆਂ ਤੋਂ ਛੋਟੇ ਸਨ, ਬਾਬਾ ਜੀ ਦਾ ਛੋਟੀ ਉਮਰ ਵਿਚ ਹੀ ਗੁਰੂ ਘਰ ਨਾਲ ਬਹੁਤ ਪਿਆਰ ਅਤੇ ਸੇਵਾ ਸਿਮਰਨ ਭਜਨ ਬੰਦਗੀ ਕਰਨ ਵਾਲੇ ਲੋੜਵੰਦਾਂ ਦੀ ਸਹਾਇਤਾ ਕਰਨ ਵਾਲੇ ਸਨ ਛੇਵੇ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸੇਵਕਾਂ ਵਿਚੋਂ ਸਨ। ਬਾਬਾ ਤੇਗਾ ਸਿੰਘ ਜੀ ਜਦ ਜਵਾਨ ਅਵਸਥਾ ਵਿਚ ਹੋਏ ਤਾਂ ਉਸ ਸਮੇਂ ਮੁਗਲਾਂ ਦਾ ਰਾਜ ਸੀ ਅਤੇ ਮੁਗਲ ਬਾਦਸ਼ਾਹੀਆਂ ਕਰਦੇ ਸਨ ਅਤੇ ਮੁਗਲਾਂ ਦੇ ਟੋਲੇ ਧੀਆਂ-ਭੈਣਾਂ ਦੀਆਂ ਇੱਜਤਾਂ ਲੁੱਟਣ ਲਈ ਜਬਰਦਸਤੀ ਚੱਕ ਕੇ ਲੈ ਜਾਂਦੇ ਸਨ, ਕਿਸੇ ਦੀ ਕੋਈ ਪੁੱਛਗਿੱਛ ਨਹੀਂ ਸੀ, ਕਿਉਂਕਿ ਸਰਕਾਰੇ-ਦਰਬਾਰੇ ਮੁਗਲਾਂ ਦਾ ਦਬਦਬਾ ਸੀ ਇਹਨਾਂ ਨਾਲ ਟੱਕਰ ਲੈਣ ਦੀ ਜੁਅੱਰਤ ਕੋਈ ਵੀ ਨਹੀਂ ਰੱਖਦਾ ਸੀ ਪਰ ਇਹ ਲੁੱਟ ਖਸੁੱਟ ਬਾਬਾ ਜੀ ਸਹਾਰ ਨਾ ਸੱਕੇ ਅਤੇ ਮੁਗਲਾਂ ਨਾਲ ਟੱਕਰ ਲੈਣ ਦਾ ਮਨ ਬਣਾ ਲਿਆ ਅਤੇ ਗੁਰੂਆਂ ਤੋਂ ਆਸ਼ੀਰਵਾਦ ਲੈ ਕੇ ਪਿੰਡ ਦੀ ਹੱਦ ਬੰਦੀ ਤੇ ਆਪਣੇ ਸਾਥੀ ਸਿੰਘਾਂ ਨਾਲ ਲੈ ਕੇ ਮੁਗਲਾਂ ਦੀ ਫੌਜ ਤੇ ਹੱਲਾ ਬੋਲ ਦਿਤਾ ਤਾਂ ਮੁਗਲਾਂ ਨੂੰ ਭਾਜੜਾ ਪੈ ਗਈਆਂ, ਬਾਬਾ ਜੀ ਦੇ ਸਾਥੀ ਵੀ ਸ਼ਹੀਦ ਹੋ ਗਏ। ਬਾਬਾ ਜੀ ਇੱਕਲੇ ਹੀ ਲੜ ਰਹੇ ਸਨ ਮੁਗਲ ਫੌਜ ਦੇ ਪੈਰ ਹਿਲਾ ਦਿੱਤੇ, ਕੁਝ ਮੁਗਲ ਫੋਜ ਮਾਰੀ ਗਈ ਅਤੇ ਬਾਕੀ ਭੱਜ ਗਈ ਬਾਬਾ ਤੇਗਾ ਸਿੰਘ ਜੀ ਇਸ ਲੜਾਈ ਵਿਚ ਬਹੁਤ ਹੀ ਜ਼ਖ਼ਮੀ ਹੋ ਗਏ। ਜਿੱਤ ਪ੍ਰਾਪਤ ਕਰਕੇ ਪਿੰਡ ਵੱਲ ਨੂੰ ਵਾਪਿਸ ਆ ਰਹੇ ਸਨ ਤਾਂ ਰਸਤੇ ਵਿਚ ਜਖਮਾਂ ਦੀ ਤਾਬ ਨਾਂ ਸਹਾਰਦੇ ਹੋਏ ਘੋੜੇ ਸਮੇਤ ਇਸ ਅਸਥਾਨ ਤੇ ਜੋਤੀ ਜੋਤ ਸਮਾਂ ਗਏ, ਜਿਥੇ ਉਹ ਪੁਰਾਤਣ ਬੇਰੀ ਅੱਜ ਵੀ ਮਜੁਦ ਹੈ, ਜਿਸ ਨੂੰ ਬੜੇ ਮਿੱਠੇ ਬੇਰ ਲੱਗਦੇ ਹਨ ਅੱਜ ਇਹ ਵਿਸ਼ਾਲ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

ਧੰਨ ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਦਰੋ-ਘਰੋਂ ਵਰੋਸਾਏ ਹੋਏ ਸੰਤ ਬਾਬਾ ਨਛੱਤਰ ਸਿੰਘ ਜੀ ਜਿਨ੍ਹਾਂ ਦਾ ਜਨਮ 12.2.1969 ਨੂੰ ਸਵ. ਬਾਬਾ ਭਜਨ ਸਿੰਘ ਦੇ ਘਰ ਸਤਿਕਾਰਯੋਗ ਮਾਤਾ ਮੁਖਤਿਆਰ ਕੌਰ ਜੀ ਦੀ ਕੁੱਖੋਂ ਹੋਇਆ, ਜੋ ਬਚਪਨ ਤੋਂ ਸਾਧੂ ਸੁਭਾਅ ਦੇ ਮਾਲਕ ਸਨ। ਉਹ ਹਮੇਸ਼ਾ ਆਪਣੇ ਪਿਤਾ ਪਰਿਵਾਰ ਨਾਲ ਦੱਸਾ ਨੌਹਾਂ ਦੀ ਕਿਰਤ ਕਰਦੇ ਹੋਏ ਹਮੇਸ਼ਾ ਵਾਹਿਗੁਰੂ ਦੇ ਨਾਮ ਵਿਚ ਰੰਗੇ ਰਹਿੰਦੇ ਸਨ। ਉਨ੍ਹਾਂ ਨੂੰ ਘਰ ਦੇ ਤੇ ਬਾਹਰਲੇ ਸਭ ਇਕ ਬਰਾਬਰ ਲੱਗਦੇ ਸਨ ਤੇ ਧੰਨ-ਧੰਨ ਸ਼ਹੀਦ ਬਾਬਾ ਤੇਗਾ ਸਿੰਘ ਦੇ ਪਵਿੱਤਰ ਅਸਥਾਨ ਤੇ ਬਾਬਾ ਭਜਨ ਸਿੰਘ ਜੀ ਦੇ ਨਾਲ ਹਮੇਸ਼ਾ ਆਉਂਦੇ ਸਨ ਤੇ ਹਰ ਰੋਜ਼ ਬਾਬਿਆਂ ਦੀਆਂ ਗੱਲਾਂ ਕਰਦੇ ਰਹਿਣਾ ਜੋ ਬਚਨ ਮੂੰਹ 'ਚੋਂ ਬੋਲਣਾ ਪੂਰਾ ਹੋ ਜਾਣਾ। ਇਹ ਪਵਿੱਤਰ ਅਸਥਾਨ ਜੋ ਪਹਿਲਾਂ ਤਿੰਨ ਮਰਲੇ ਵਿਚ ਸੀ ਉਸ ਨੂੰ ਅੱਗੇ ਵਧਾਉਣ ਲਈ 1994 ਵਿਚ ਆਪ ਸੰਗਤਾਂ ਦੀ ਹਾਜ਼ਰੀ ਵਿਚ ਇਸ ਅਸਥਾਨ ਦੀ ਨੀਂਹ ਰੱਖੀ ਅਤੇ ਸ਼ਕਤੀ ਵਾਲੇ ਅਸਥਾਨ ਨੂੰ ਪ੍ਰਗਟ ਕੀਤਾ, ਜੋ ਅੱਜ 15 ਏਕੜ ਵਿਚ ਫੈਲ ਚੁੱਕਾ ਹੈ ਅਤੇ ਵਰਲਡ ਵਿਚ ਜਾਣਿਆ ਜਾਣ ਲੱਗਾ ਹੈ। ਇਸ ਅਸਥਾਨ ਤੇ 18 ਸਾਲ ਸੱਚ ਖੰਡਵਾਸੀ ਸੰਤ ਬਾਬ ਨਛੱਤਰ ਸਿੰਘ ਜੀ ਨੇ ਗ੍ਰਹਿਸਤੀ ਜੀਵਨ ਤੋਂ ਪਾਸੇ ਰਹਿੰਦਿਆਂ ਸੇਵਾ ਕੀਤੀ। ਉਨ੍ਹਾਂ ਅਨੇਕਾਂ ਸਮਾਜ ਭਲਾਈ ਦੇ ਕੰਮ ਕੀਤੇ ਅਤੇ ਸ਼ੁਰੂ ਕਰਵਾਏ ਤੇ ਬਚਨ ਕੀਤਾ ਕਿ ਇਹ ਹਮੇਸ਼ਾ ਚਲਦੇ ਰਹਿਣਗੇ। ਉਨ੍ਹਾਂ ਜਾਤ-ਪਾਤ ਦਾ ਭੇਦ ਨਾ ਰੱਖਿਆ। ਗਰੀਬਾਂ, ਲੋੜਵੰਦਾਂ ਦੀ ਸਹਾਇਤਾ ਕੀਤੀ ਜਿਵੇਂ ਗਰੀਬ ਪਰਿਵਾਰਾਂ ਨੂੰ ਰਾਸ਼ਨ ਵੰਡਣਾ, ਖਿਡਾਰੀਆਂ ਨੂੰ ਵੱਡੇ-ਵੱਡੇ ਇਨਾਮ ਦੇ ਕੇ ਸਨਮਾਨ ਕਰਨਾ, ਟੂਰਨਾਮੈਂਟ ਕਰਵਾਉਣੇ, ਭਰੂਣ ਹੱਤਿਆ ਰੋਕਣ ਦੇ ਉਪਰਾਲੇ ਕਰਨੇ, ਹਰ ਲੋਹੜੀ-ਮਾਘੀ ਤੇ ਔਰਤਾਂ ਬੱਚੀਆਂ ਦਾ ਸਨਮਾਨ ਕਰਨਾ, ਸਾਰੀ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਮਹਾਰਾਜ ਨਾਲ ਜੋੜਨ ਦੀ ਪ੍ਰੇਰਨਾ ਕਰਨੀ। ਅਨੇਕਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ। ਬੇਸਹਾਰਾ ਬਜ਼ੁਰਗਾਂ ਲਈ ਬਿਰਧ-ਆਸ਼ਰਮ ਬਣਾਇਆ। ਸਿੱਖੀ ਦੇ ਪ੍ਰਚਾਰ ਦੇ ਨਾਲ ਸਮਾਜ ਸੇਵਾ ਕਰਨੀ, ਹਸਪਤਾਲਾਂ 'ਚ ਗਰੀਬਾਂ ਦਾ ਜਾ ਕੇ ਹਾਲ ਪੁੱਛਣਾ, ਮੱਦਦ ਕਰਨੀ, ਅਨੇਕਾਂ ਪ੍ਰਵਾਸੀਆਂ ਦੇ ਦੁਖਾਂ ਦੀਆਂ ਗੁਰੂ ਅੱਗੇ ਅਰਦਾਸਾਂ ਕੀਤੀਆਂ। ਬਾਬਾ ਜੀ ਨੂੰ ਜਿੱਥੇ ਵੀ ਕੋਈ ਗਰੀਬ ਮਿਲ ਪੈਣਾ ਜਿੰਨੇ ਪੈਸੇ ਮੰਗਣੇ ਓਨੇ ਹੀ ਦੇ ਦੇਣੇ। ਬਾਬਾ ਜੀ ਪਾਸ ਕੋਈ ਗਰੀਬ ਲੋੜਵੰਦ ਖਾਲੀ ਨਹੀਂ ਜਾਂਦਾ ਸੀ। ਉਨ੍ਹਾਂ ਦਾ ਸੁਭਾਅ ਹੀ ਐਸਾ ਸੀ ਕਿ ਉਨ੍ਹਾਂ ਆਪਣੇ ਜੀਵਨ ਦੌਰਾਨ ਬੜੀਆਂ ਯਾਤਰਾ ਕੀਤੀਆਂ, ਬੜੇ ਪ੍ਰਾਣੀਆਂ ਨੂੰ ਸਿੱਧੇ ਰਸਤੇ ਪਾਇਆ, ਜਿਥੇ ਜਾਣਾ ਰੌਣਕਾਂ ਲੱਗ ਜਾਣੀਆਂ। ਉਨ੍ਹਾਂ ਦੇ ਸਰੀਰਕ ਤੌਰ ਤੇ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਯਾਦਾਂ ਅੱਜ ਵੀ ਯਾਦ ਆ ਰਹੀਆਂ ਹਨ।


ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ


ਸੰਤ ਬਾਬਾ ਗੁਰਦੀਪ ਸਿੰਘ ਜੀ ਨੂੰ ਹਮੇਸ਼ਾ ਨੇੜੇ ਰੱਖ ਕੇ ਬੜਾ ਕੁਝ ਸਿਖਾਇਆ। ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਦੱਸਦੇ ਹਨ ਕਿ ਮੈਂ ਆਪਣੇ ਆਪ ਨੂੰ ਬੜਾ ਕਰਮਾ ਵਾਲਾ ਸਮਝਦਾ ਹਾਂ ਕਿ ਮਹਾਂਪੁਰਖਾ ਨਾਲ ਰਹਿਣ ਦਾ ਉਨ੍ਹਾਂ ਦੇ ਦਰਸ਼ਨ ਕਰਨ ਦਾ ਉਨ੍ਹਾਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਬਾਬਾ ਗੁਰਦੀਪ ਸਿੰਘ ਜੀ ਹਮੇਸ਼ਾ ਇਹੀ ਕਹਿੰਦੇ ਹਨ ਕਿ ਮੈਨੂੰ ਹਮੇਸ਼ਾ ਸੰਗਤਾਂ ਦੇ ਜੋੜੇ ਝਾੜਨ ਦਾ ਲੋੜਵੰਦਾਂ ਦੀ ਸੇਵਾ ਕਰਨ ਦਾ ਬਲ ਬਖਸ਼ੀ। ਜੇ ਆਪਾਂ ਹਮੇਸ਼ਾ ਵਾਹਿਗੁਰੂ ਦਾ ਸਿਮਰਨ ਕਰਾਂਗੇ, ਗੁਰੂ ਵਾਲੇ ਬਣੇ ਰਹਾਂਗੇ। ਗੁਰੂ ਦੇ ਦਰਸਾਏ ਮਾਰਗ ਤੇ ਚੱਲਾਂਗੇ ਤੇ ਜੁੱਗ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਆਪਣਾ ਗੁਰੂ ਮੰਨਾਂਗੇ ਤਾਂ ਹੀ ਸਾਡਾ ਇਸ ਸਮਾਜ ਤੇ ਆਉਣਾ ਸਫਲਾ ਹੋਵੇਗਾ। ਪ੍ਰਾਣੀ ਬਾਣੇ ਬਾਣੀ ਤੋਂ ਬਿਨ੍ਹਾਂ ਤੇਰਾ ਜੀਵਨ ਬੇ-ਅਰਥ ਹੈ। ਸੰਗਤਾਂ ਦੀ ਸਹੂਲਤ ਲਈ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਤੇਗਾ ਸਿੰਘ ਜੀ ਗੁਰਦੁਆਰਾ ਸਾਹਿਬ ਦਾ ਦੂਸਰਾ ਅਸਥਾਨ 56 ਜੀ.ਬੀ. ਨੇੜੇ ਅਨੂਪਗੜ੍ਹ, ਜ਼ਿਲ੍ਹਾ ਗੰਗਾਨਗਰ (ਰਾਜਸਥਾਨ) ਵਿਖੇ 6 ਏਕੜ ਵਿਚ ਉਸਾਰੀ ਅਧੀਨ ਹੈ।


ਮੁੱਖ ਸੇਵਾਦਾਰ
ਬਾਬਾ ਗੁਰਦੀਪ ਸਿੰਘ ਜੀ
ਚੰਦਪੁਰਾਣਾ

# ਸ਼ਹੀਦ ਬਾਬਾ ਤੇਗਾ ਸਿੰਘ ਜੀ ਦੀ ਯਾਦ ਵਿੱਚ ਸਲਾਨਾ ਸ਼ਹੀਦੀ ਜੋੜ ਮੇਲਾ 17 ਮਾਰਚ 2024 ਦਿਨ ਐਤਵਾਰ ਨੂੰ

## ਚੰਦ ਪੁਰਾਣੇ ਦੇ ਸਾਲਾਨਾ ਸ਼ਹੀਦੀ ਜੋੜ ਮੇਲੇ ਦੀਆਂ ਤਿਆਰੀਆਂ ਜ਼ੋਰਾ ਤੇ - ਬਾਬਾ ਗੁਰਦੀਪ ਸਿੰਘ ਜੀ

**ਬਾਘਾ ਪੁਰਾਣਾ/ ਭਵਨਦੀਪ ਸਿੰਘ ਪੁਰਬਾ**




ਦੇਸ਼ ਵਿਦੇਸ਼ ਵਿੱਚ ਜਾਣਿਆ ਜਾਦਾ ਭਾਰਤ ਦਾ ਪ੍ਰਸਿੱਧ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ) ਚੰਦ ਪੁਰਾਣਾ ਵਿਖੇ ਹਰ ਸਾਲ ਸਲਾਨਾ ਸ਼ਹੀਦੀ ਜੋੜ ਮੇਲਾ ਚੇਤ ਦੇ ਪਹਿਲੇ ਐਤਵਾਰ ਨੂੰ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਜੀ ਦੇ ਯੋਗ ਪ੍ਰਬੰਧਾਂ ਹੇਠ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ ਜਿਸ ਦੀਆਂ ਤਿਆਰੀਆਂ ਸਾਲ ਦੇ ਸ਼ੁਰੂ ਵਿੱਚ ਹੀ ਹੋਣ ਲੱਗ ਪੈਦੀਆਂ ਹਨ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਸ਼ਹੀਦੀ ਜੋੜ ਮੇਲਾ 17 ਮਾਰਚ 2024 ਦਿਨ ਐਤਵਾਰ ਨੂੰ ਮੁੱਖ ਸੇਵਾਦਾਰ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਜੀ ਦੇ ਯੋਗ ਪ੍ਰਬੰਧਾ ਹੇਠ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ।

ਇਸ ਸਮਾਗਮ ਦੇ ਸਬੰਧ ਵਿੱਚ ਜਾਣਕਰੀ ਦਿੰਦਿਆਂ ਬਾਬਾ ਗੁਰਦੀਪ ਸਿੰਘ ਜੀ ਦੱਸਿਆ ਕਿ 17 ਮਾਰਚ ਦਿਨ ਐਤਵਾਰ ਨੂੰ ਸਵੇਰੇ 09 ਵਜੇ ਤੋਂ ਸ਼ਾਮ 04 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਉੱਚ ਕੋਟੀ ਦੇ ਢਾਡੀ, ਕਥਾ ਵਾਚਕ, ਮਹਾਪੁਰਖ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ। ਇਸ ਸਮਾਗਮ ਸਬੰਧੀ ਵੱਡੇ ਪੱਧਰ ਤੇ ਤਿਆਰੀਆ ਕੀਤੀਆਂ ਜਾ ਰਹੀਆਂ ਹਨ। 20 ਏਕੜ ਵਿੱਚ ਪਾਰਕਿੰਗ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਅਤੇ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਵੱਲੋਂ ਥਾਂ-ਥਾਂ ਗੁਰੂ ਕੇ ਲੰਗਰ, ਚਾਹ ਪਕੌੜਿਆਂ ਦੇ ਲੰਗਰ, ਜਲੇਬੀਆਂ ਦੇ ਲੰਗਰ ਅਤੇ ਛਬੀਲਾ ਵੀ ਲਗਾਈਆ ਜਾ ਰਹੀਆਂ ਹਨ। ਬਾਬਾ ਜੀ ਵੱਲੋਂ ਸਮੂੰਹ ਸੰਗਤਾਂ ਨੂੰ ਇਸ ਬਰਸੀ ਸਮਾਗਮ ਵਿੱਚ ਹਾਜ਼ਰ ਹੋਣ ਲਈ ਸੱਦਾ ਦਿੱਤਾ ਗਿਆ ਹੈ।

# ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆਂ ਦੀ ਸਲਾਨਾ ਬਰਸੀ 10 ਅਪ੍ਰੈਲ ਨੂੰ

## ਬਰਸੀ ਦੇ ਸਬੰਧ ਵਿੱਚ ਹੋਣਗੇ ਵਿਸ਼ੇਸ਼ ਦਸਤਾਰ ਮੁਕਾਬਲੇ - ਬਾਬਾ ਜਸਵੀਰ ਸਿੰਘ ਲੋਹਾਰਾ

**ਮੋਗਾ/ ਮਨਮੋਹਨ ਸਿੰਘ ਚੀਮਾ**



ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਸਲਾਨਾ ਬਰਸੀ ਉਨ੍ਹਾਂ ਦੇ ਤਪ ਅਸਥਾਨ ਅਤੇ ਅੰਗੀਠਾ ਸਾਹਿਬ ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ (ਜ਼ਿਲ੍ਹਾ ਮੋਗਾ) ਵਿਖੇ ਬਾਬਾ ਜਸਵੀਰ ਸਿੰਘ ਦੀ ਸ੍ਰਪਰਸਤੀ ਵਿੱਚ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਈ ਜਾਵੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਜੀ ਨੇ ਦੱਸਿਆ ਕਿ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ ਸਲਾਨਾ ਬਰਸੀ ਦੇ ਸਬੰਧ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ 8 ਅਪ੍ਰੈਲ 2024 ਨੂੰ ਆਰੰਭ ਹੋਣਗੇ ਅਤੇ ਬਰਸੀ ਦੇ ਭੋਗ 10 ਅਪ੍ਰੈਲ 2024 ਨੂੰ ਸਵੇਰੇ 10:00 ਵਜੇ ਪੈਣਗੇ। ਉਪਰੰਤ ਧਾਰਮਿਕ ਦੀਵਾਨ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜੱਥੇ ਅਤੇ ਸੰਤ ਮਹਾਪੁਰਖ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਨੇ ਦੱਸਿਆ ਕਿ ਬਰਸੀ ਦੇ ਸਬੰਧ ਵਿੱਚ ਬਾਬਾ ਜੀ ਦੇ ਅਸਥਾਨ ਤੇ ਵਿਸ਼ੇਸ਼ ਦਸਤਾਰ ਮੁਕਾਬਲੇ ਹੋਣਗੇ ਅਤੇ ਖ਼ੂਨਦਾਨ ਕੈਂਪ ਆਯਜਿਤ ਕੀਤਾ ਜਾਵੇਗਾ। ਬਾਬਾ ਜਸਵੀਰ ਸਿੰਘ ਜੀ ਨੇ ਨੌਜਵਾਨਾ ਨੂੰ ਇਸ ਦਸਤਾਰ ਮੁਕਾਬਲੇ ਵਿੱਚ ਭਾਗ ਲੈਣ ਦੀ ਅਪੀਲ ਕਰਦੇ ਹੋਏ ਆਖਿਆ ਕਿ ਇਸ ਦਸਤਾਰ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਨੌਜਵਾਨ ਅਤੇ ਖ਼ੂਨਦਾਨ ਕਰਨ ਵਾਲੇ ਨੌਜਵਾਨ ਆਪਣੇ ਨਾਮ ਪਹਿਲਾ ਦਰਜ ਕਰਵਾ ਦੇਣ। ਉਨ੍ਹਾਂ ਸਮੂੰਹ ਸੰਗਤਾਂ ਨੂੰ ਇਸ ਬਰਸੀ ਸਮਾਗਮ ਵਿੱਚ ਹਾਜ਼ਰ ਹੋਣ ਲਈ ਸੱਦਾ ਦਿੱਤਾ।

'ਬਸੰਤ ਪੰਚਮੀ' ਮਨਾਉ, ਪਰ ਖ਼ੂਨੀ ਡੋਰਾਂ ਵਾਲੀਆਂ ਪਤੰਗਾਂ ਨਾਲ ਨਹੀਂ !




# ਧਾਰਮਿਕ ਸਰਗਰਮੀਆਂ



## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਪਿੰਡ ਖੁਖਰਾਣਾ ਵਿਖੇ ਹੋਇਆ ਵਿਸ਼ਾਲ ਨਗਰ ਕੀਰਤਨ










**ਮੋਗਾ/ ਭਵਨਦੀਪ ਸਿੰਘ ਪੁਰਬਾ**


ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਪੁਰਬ ਨੂੰ ਸਮਰਪਿਤ ਪਿੰਡ ਖੁਖਰਾਣਾ ਵਿਖੇ ਵਿਸ਼ਾਲ ਨਗਰ ਕੀਰਤਨ ਕੀਤਾ ਗਿਆ ਜਿਸ ਨੂੰ ਇਲਾਕੇ ਦੀਆਂ ਧਾਰਮਿਕ ਸਖਸ਼ੀਅਤਾਂ ਦਮਦਮੀ ਟਕਸਾਲ ਦੀ ਸ਼ਾਖ ਜੋਗੇਵਾਲਾ ਦੇ ਮੁੱਖੀ ਸੰਤ ਬਾਬਾ ਬਲਦੇਵ ਸਿੰਘ ਜੀ ਨੇ ਅਰਦਾਸ ਕਰਕੇ ਆਰੰਭ ਕਰਵਾਇਆ। ਉਹਨਾਂ ਦੇ ਨਜ਼ਦੀਕੀ ਸਹਿਯੋਗੀ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਨਾਲ ਮੌਜੂਦ ਸਨ ਇਹ ਨਗਰ ਕੀਰਤਨ ਗੁਰਦੁਆਰਾ ਪਾਤਸ਼ਾਹੀ 6ਵੀ ਤੋਂ ਆਰੰਭ ਹੋ ਕੇ ਸਾਰੇ ਪਿੰਡ ਦੀ ਪ੍ਰਕਰਮਾਂ ਕਰਦਾ ਹੋਇਆਂ ਸ਼ਾਮ ਨੂੰ ਮੁੜ ਇਸੇ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦੀ ਸਮਾਪਤੀ ਦੀ ਅਰਦਾਸ ਸੰਤ ਬਾਬਾ ਰੇਸ਼ਮ ਸਿੰਘ ਜੀ ਵੱਲੋਂ ਕੀਤੀ ਗਈ। ਇਹ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਹੀ ਹੇਠ ਗੁਰਦੁਆਰਾ ਪਤਾਸ਼ਾਹੀ ਛੇਵੀਂ ਦੀ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਦੇ ਨੌਜਵਾਨਾਂ ਅਤੇ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਵਿਸ਼ਾਲ ਨਗਰ ਕੀਰਤਨ ਵਿੱਚ ਰਾਗੀ ਜੱਥਾ ਭਾਈ ਕਿਸ਼ਨ ਸਿੰਘ ਜੀ, ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਕਥਾ ਵਾਚਕ ਗਿਆਨੀ ਪਰਮਿੰਦਰ ਸਿੰਘ ਜੀ, ਗਿਆਨੀ ਅਮਰੀਕ ਸਿੰਘ ਗਿ. ਜਸਵਿੰਦਰ ਸਿੰਘ ਜੋਗੇਵਾਲਾ ਅਤੇ ਪ੍ਰਸਿੱਧ ਢਾਡੀ ਜੱਥਾ ਭਾਈ ਜਸਪਾਲ ਸਿੰਘ ਉਦਾਸੀ ਨੇ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਬਾਰੇ ਚਾਨਣਾ ਪਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਨਗਰ ਕੀਰਤਨ ਦੀ ਆਰੰਭਤਾਂ ਮੌਕੇ ਪੰਜ ਪਿਆਰਿਆ ਦੀ ਮੌਜੂਦਗੀ ਵਿੱਚ ਦਮਦਮੀ ਟਕਸਾਲ ਯੂ.ਕੇ. ਵੱਲੋਂ ਤਿਆਰ ਕੀਤਾ ਗਿਆ ਪੁਰਾਤਨ ਕੈਲੰਡਰ ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ ਅਤੇ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਨੇ ਰਿਲੀਜ਼ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੁੱਚੇ ਨਗਰ ਦੀਆਂ ਸੰਗਤਾਂ ਵੱਲੋਂ ਸੰਤ ਬਾਬਾ ਬਲਦੇਵ ਸਿੰਘ ਜੀ ਨੂੰ ਸਿਰਪਾਓ ਦੇ ਸਨਮਾਨਿਤ ਕੀਤਾ ਗਿਆ। ਇਸ ਵਿਸ਼ਾਲ ਨਗਰ ਕੀਰਤਨ ਵਿੱਚ ਫੁੱਲਾ ਨਾਲ ਸਜੀ ਗੁਰੂ ਸਾਹਿਬ ਦੀ ਸੁੰਦਰ ਪਾਲਕੀ ਨੇ ਗੁਰੂ ਘਰ ਦੀ ਸ਼ੋਭਾ ਨੂੰ ਵਧਾਇਆ। ਤੋਪ ਰਾਹੀਂ ਫੁੱਲਾਂ ਦੀ ਵਰਖਾ ਨੇ ਨਗਰ ਕੀਰਤਨ ਦੀ ਸ਼ੋਭਾਂ ਨੂੰ ਚਾਰ ਚੰਨ ਲਗਾਏ ਗਏ। ਨੌਜਵਾਨਾਂ ਵੱਲੋਂ ਝਾੜੂਆਂ ਨਾਲ ਸੜਕਾਂ ਦੀ ਸਫਾਈ ਅਤੇ ਕਲੀ ਨਾਲ ਕੀਤੀ ਗਈ ਕਾਰਾਗਰੀ ਦੇਖਣਯੋਗ ਸੀ। ਪਿੰਡ ਵਿੱਚ ਪੰਜ ਪੜਾਅ ਸਨ ਹਰ ਪੜਾਅ ਤੇ ਨਗਰ ਕੀਰਤਨ ਦਾ ਭਰਵਾ ਸਵਾਗਤ ਹੋਇਆ ਜਿਥੇ ਸੰਗਤਾ ਨੇ ਨਾਮਵਰ ਜੱਥਿਆ ਤੋਂ ਗੁਰ ਇਤਿਹਾਸ ਸਰਵਨ ਕੀਤਾ।

ਪੰਜ ਪਿਆਰਿਆਂ ਤੇ ਧਾਰਮਿਕ ਸ਼ਖਸੀਅਤਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਹਰੇਕ ਪੜਾਅ ਤੇ ਸੇਵਾਦਾਰਾ ਵੱਲੋਂ ਸੰਗਤਾ ਵਾਸਤੇ ਚਾਹ, ਦੁੱਧ, ਸਮੋਸੇ, ਖੀਰ, ਗਜਰੇਲੇ ਦੇ ਲੰਗਰ ਲਾਏ ਗਏ ਅਤੇ ਰਾਮਦਿੱਤਾ ਪੱਤੀ ਵਿਖੇ ਗੁਰੂ ਘਰ ਵਿੱਚ ਪ੍ਰਸਾਦਿਆਂ ਦੇ ਅਟੁੱਟ ਲੰਗਰ ਲਗਾਏ ਗਏ ਸਨ। ਸਮਾਪਤੀ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੇਵਾ ਕਰਨ ਵਾਲੇ ਨੌਜਵਾਨਾਂ ਨੂੰ ਸਿਰਪਾਓ ਦੇ ਸਨਮਾਨਿਤ ਕੀਤਾ ਗਿਆ।

## ਗੁਰਦੁਆਰਾ ਬਾਬੇ ਸ਼ਹੀਦਾਂ ਚੰਦ ਪੁਰਾਣਾ ਦੇ ਵਿੱਚ ਮਾਘੀ ਦੇ ਪਵਿੱਤਰ ਦਿਹਾੜੇ ਤੇ ਲੱਗੀਆਂ ਰੌਣਕਾਂ

### ਪਰਮੇਸ਼ਰ ਆਪਣੇ ਪਿਆਰਿਆਂ ਦੀ ਟੁੱਟੀ ਗੰਢਣ ਅਤੇ ਗੁਨਾਹ ਬਖ਼ਸ਼ਣਹਾਰ ਹੈ - ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣਾ



**ਬਾਘਾ ਪੁਰਾਣਾ/ ਭਵਨਦੀਪ ਸਿੰਘ ਪੁਰਬਾ**

ਮਾਲਵੇ ਦੇ ਪ੍ਰਸਿੱਧ ਪਵਿੱਤਰ ਅਤੇ ਧਾਰਮਿਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸਚਖੰਡ ਵਾਸੀ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮੁ.ਗਲ ਸਾਮਰਾਜ ਖ਼ਿਲਾਫ਼ ਆਖ਼ਰੀ ਤੇ ਨਿਰਣਾਇਕ ਯੁੱਧ ਕਰਦਿਆਂ ਸ਼ਹੀਦੀਆਂ ਪ੍ਰਾਪਤ ਕਰ ਗਏ ਚਾਲੀ ਸਿੰਘਾਂ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ।

ਇਹ ਸਮਾਗਮ ਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਦੇ ਉਦਮ ਸਦਕਾ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਗੀ, ਭਾਈ ਇਕਬਾਲ ਸਿੰਘ ਦੀ ਲੰਗੇਆਣ ਵਾਲੇ, ਕਵੀਸ਼ਰ ਭਾਈ ਗੁਰਬਚਨ ਸਿੰਘ ਸ਼ੇਰਪੁਰੀ ਆਦਿ ਜਥਿਆਂ ਵੱਲੋਂ ਰੱਬੀ ਬਾਣੀ ਦਾ ਕੀਰਤਨ ਕੀਤਾ ਗਿਆ। ਉਪਰੰਤ ਸਜੇ ਧਾਰਮਿਕ ਦੀਵਾਨਾਂ ਵਿੱਚ ਪ੍ਰਵਚਨ ਕਰਦਿਆਂ ਬਾਬਾ ਗੁਰਦੀਪ ਸਿੰਘ ਜੀ ਨੇ ਆਖਿਆ ਕਿ ਚਾਲੀ ਮੁਕਤਿਆਂ ਨੇ, ਜਿਨ੍ਹਾਂ ਨੇ ਧਰਮ ਲਈ ਕੁਰਬਾਨੀ ਦਿੱਤੀ ਤੇ ਹਰ ਰੋਜ਼ ਸਿੱਖ ਅਰਦਾਸ ਵਿਚ ਉਨ੍ਹਾਂ ਨੂੰ ਯਾਦ ਕਰਦੇ ਹਨ। ਇਨ੍ਹਾਂ ਚਾਲੀ ਮੁਕਤਿਆਂ ਦੀ ਪਾਵਨ ਧਰਤੀ 'ਤੇ ਹੀ ਇਤਿਹਾਸਕ ਸ਼ਹਿਰ ਮੁਕਤਸਰ ਵਸਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਪ੍ਰੇਮ ਨਾਲ ਅਸੀਂ ਪਰਮਾਤਮਾ ਨੂੰ ਪਾ ਸਕਦੇ ਹਾਂ ਪਰਮਾਤਮਾ ਸਭ ਜੀਵਾਂ ਨੂੰ ਬਖਸ਼ਣਹਾਰ ਹੈ ਟੁੱਟੀ ਗੰਢਣ ਵਾਲਾ ਹੈ। ਅੱਜ ਇਸ ਮਾਤ ਲੋਕ ਤੇ ਜੀਵ ਨੂੰ ਉਸ ਦੇ ਦਰ ਅੱਗੇ ਨਤਮਸਤਕ ਹੋਣ ਦੀ ਲੋੜ ਹੈ ਪਰਮਾਤਮਾ ਉਸ ਦੇ ਸਾਰੇ ਗੁਨਾਹ ਬਖ਼ਸ਼ ਦਿੰਦਾ ਹੈ। ਉਨ੍ਹਾਂ ਆਖਿਆ ਕਿ ਗੁਰੂ ਦੀ ਬਾਣੀ ਜੀਵ ਦੇ ਸਾਰੇ ਬੰਧਨ ਕੱਟ ਦਿੰਦੀ ਹੈ ਆਓ ਅੱਜ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਸਿਮਰ ਕੇ ਲੋਕ ਅਤੇ ਪ੍ਰਲੋਕ ਨੂੰ ਸਫਲ ਕਰੀਏ। ਸਮਾਗਮ ਦੌਰਾਨ ਸੰਗਤਾਂ ਵੱਡੀ ਗਿਣਤੀ ਦੇ ਵਿੱਚ ਹਾਜ਼ਰ ਹੋਈਆਂ ਸੰਗਤਾਂ ਨੇ ਪਵਿੱਤਰ ਸਰੋਵਰ ਦੇ ਵਿੱਚ ਇਸ਼ਨਾਨ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕੀਤਾ ਠੰਡ ਦੇ ਬਾਵਜੂਦ ਵੀ ਸੰਗਤਾਂ ਵਿੱਚ ਇਹਨਾਂ ਉਤਸ਼ਾਹ ਸੀ ਕਿ ਸੰਗਤਾਂ ਨੇ ਲੰਬੀ ਕਤਾਰ ਵਿੱਚ ਖੜ ਕੇ ਮੱਥਾ ਟੇਕਣ ਦੇ ਲਈ ਆਪਣੀ ਵਾਰੀ ਦਾ ਇੰਤਜ਼ਾਰ ਕੀਤਾ ਅਤੇ ਗੁਰੂ ਦੇ ਨਾਲ ਆਪਣੀ ਪ੍ਰੀਤ ਗੰਢੀ ਰੱਖੀ।

ਇਸ ਮੌਕੇ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ, ਚੇਅਰਮੈਨ, ਨੰਦ ਸਿੰਘ ਬਰਾੜ, ਸਰਪੰਚ ਮੇਜਰ ਸਿੰਘ ਗਿੱਲ, ਨਿਰਮਲ ਸਿੰਘ ਡੇਰੀ ਵਾਲਾ ਚੰਦ ਪੁਰਾਣਾ, ਚਮਕੌਰ ਸਿੰਘ ਚੰਦ ਪੁਰਾਣਾ, ਬਿੱਲੂ ਸਿੰਘ ਧਰਮ ਸਿੰਘ, ਭਜਨ ਸਿੰਘ, ਰਜਿੰਦਰ ਸਿੰਘ ਕਾਲੇਕੇ, ਜੀਤਾ ਸਿੰਘ ਨੰਬਰਦਾਰ ਜਨੇਰ, ਜਸਕਰਨ ਸਿੰਘ, ਬਿੰਦਰ ਸਿੰਘ ਬੀੜ ਵਾਲੇ, ਕਾਕਾ ਸਿੰਘ ਕਨੇਡਾ ਸਮੇਤ ਸੰਗਤਾਂ ਵੱਡੀ ਗਿਣਤੀ 'ਚ ਹਾਜ਼ਰ ਹੋਈਆਂ। ਸਮਾਗਮ ਦੌਰਾਨ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਗਏ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚੰਦ ਪੁਰਾਣਾ ਵਿੱਚ ਕੱਢਿਆ ਗਿਆ ਵਿਸ਼ਾਲ ਨਗਰ ਕੀਰਤਨ

### ਸ੍ਰੀ ਅਖੰਡ ਪਾਠਾਂ ਦੇ ਭੋਗਾਂ ਸਮੇਂ ਵਿਸ਼ੇਸ਼ ਤੌਰ ਤੇ ਪਹੁੰਚੇ ਸੰਤ ਬਾਬਾ ਗੁਰਦੀਪ ਸਿੰਘ ਜੀ ਬਖੂਹੇ ਵਾਲੇ



**ਬਾਘਾ ਪੁਰਾਣਾ/ ਭਵਨਦੀਪ ਸਿੰਘ ਪੁਰਬਾ**

ਮਾਲਵੇ ਦੇ ਪ੍ਰਸਿੱਧ ਨਗਰ ਚੰਦ ਪੁਰਾਣਾ ਦੇ ਗੁਰਦੁਆਰਾ ਬਾਬਾ ਪ੍ਰੇਮ ਦਾਸ ਵਿਖੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸਮੂੰਹ ਨਗਰ ਨਿਵਾਸੀਆਂ, ਨੌਜਵਾਨਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਜਿਸ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫੁੱਲਾਂ ਨਾਲ ਸਜੀ ਪਾਲਕੀ ਅੱਗੇ ਫੁੱਲਾਂ ਦੀ ਵਰਖਾ, ਝਾੜੂ ਲਾਉਂਦੀਆਂ ਬੀਬੀਆਂ ਗੁਰੂ ਜਸ ਗਾਉਦਿਆਂ ਪੈਦਲ ਚੱਲ ਰਹੀਆਂ ਸਨ। ਰਾਗੀ ਤੇ ਕਵੀਸ਼ਰੀ ਜੱਥੇ ਸਾਰਾ ਦਿਨ ਗੁਰਬਾਣੀ ਕੀਰਤਨ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਸਨ ਅਤੇ ਨਗਰ ਕੀਰਤਨ ਪਿੰਡ 'ਚ ਵੱਖ-ਵੱਖ ਥਾਵਾਂ ਤੇ ਪੜਾਅ ਕਰਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਅਸਥਾਨ ਤੇ ਪਹੁੰਚਿਆ ਜਿੱਥੇ ਬਾਬਾ ਗੁਰਦੀਪ ਸਿੰਘ ਜੀ ਨੇ ਸਤਿਕਾਰਯੋਗ ਪੰਜ ਪਿਆਰਿਆਂ ਦਾ ਸਿਰੋਪੇ ਪਾ ਕੇ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਜੀ ਆਇਆ ਆਖਿਆ ਤੇ ਸੰਗਤਾਂ ਲਈ ਪ੍ਰਸ਼ਾਦੇ ਦਾ ਪ੍ਰਬੰਧ ਕੀਤਾ। ਇਹ ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਵਾਪਸ ਗੁਰਦੁਆਰਾ ਪ੍ਰੇਮ ਦਾਸ ਵਿਖੇ ਸਮਾਪਤ ਹੋਇਆ।

ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਕਰਵਾਏ ਗਏ ਸ਼੍ਰੀ ਅਖੰਡ ਪਾਠਾਂ ਦੇ ਭੋਗ ਦੂਸਰੇ ਦਿਨ ਪਾਏ ਗਏ ਭੋਗਾਂ ਸਮੇਂ ਰੱਬੀ ਬਾਣੀ ਦਾ ਕੀਰਤਨ ਹੋਇਆਂ। ਇਸ ਮੌਕੇ ਪਿੰਡ ਦੇ ਜੰਮਪਲ ਸਤਿਕਾਰਯੋਗ ਬਾਬਾ ਗੁਰਦੀਪ ਸਿੰਘ ਜੀ ਵੀ ਹਾਜ਼ਰ ਹੋਏ। ਇਸ ਮੌਕੇ ਸਮਾਪਤੀ ਤੋਂ ਪਹਿਲਾਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪਟਨੇ ਦੀ ਧਰਤੀ ਤੇ ਅਵਤਾਰ ਧਾਰਿਆ ਅਤੇ ਸੰਗਤਾਂ ਨੂੰ ਬਾਣੀ ਤੇ ਬਾਣੀ ਨਾਲ ਜੋੜਿਆ, ਜ਼ੁਲਮ ਦਾ ਡੱਟ ਕੇ ਟਾਕਰਾ ਕੀਤਾ ਤੇ 14 ਜੰਗਾਂ ਲੜੀਆਂ। ਸਾਰੀਆਂ ਜੀ ਜੰਗਾ ਵਿੱਚ ਜਿੱਤ ਪ੍ਰਾਪਤ ਕੀਤੀ। ਗੁਰੂ ਸਾਹਿਬ ਨੇ ਧਰਮ ਦੀ ਖਾਤਰ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ ਅਤੇ ਅੱਜ ਸਾਨੂੰ ਇਤਿਹਾਸ ਤੋਂ ਜਾਣੂ ਹੋ ਕੇ ਗੁਰੂ ਜੀ ਦੇ ਦਰਸਾਏ ਮਾਰਗ ਤੇ ਚੱਲ ਕੇ ਜੀਵਨ ਬਸਰ ਕਰਨਾ ਚਾਹੀਦਾ ਹੈ। ਇਨ੍ਹਾਂ ਸਮਾਗਮਾਂ ਮੌਕੇ ਪਿੰਡ ਦੇ ਨੌਜਵਾਨਾਂ ਨੇ ਅੱਗੇ ਹੋ ਕੇ ਆਪਣੀਆਂ ਡਿਊਟੀਆਂ ਨਿਭਾਈਆਂ ਤੇ ਪਿੰਡ ਵਾਸੀਆਂ ਨੇ ਤਨ ਮਨ ਨਾਲ ਸੇਵਾ ਕੀਤੀ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਹਰਬੰਸ ਸਿੰਘ ਜੀ ਨੇ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਲਈ ਜਲੇਬੀਆਂ ਦੇ ਲੰਗਰ ਲਾਏ। ਇਸ ਮੌਕੇ ਬਾਬਾ ਗੁਰਦੀਪ ਸਿੰਘ ਜੀ ਨੇ ਗੁਰੂ ਘਰ ਦੀ ਸੇਵਾ ਲਈ ਇਕ ਲੱਖ ਰੁਪਏ ਸੇਵਾ ਵਜੋਂ ਦੇਣ ਦਾ ਐਲਾਨ ਕੀਤਾ ਤੇ ਜਲਦੀ ਹੀ ਗੇਟ ਬਣਾਉਣ ਲਈ ਕਿਹਾ। ਪਿੰਡ ਵਾਸੀਆਂ ਨੇ ਬਾਬਾ ਜੀ ਦਾ ਧੰਨਵਾਦ ਕੀਤਾ ਤੇ ਸਰੋਪਾ ਤੇ ਕੰਬਲ ਨਾਲ ਸਨਮਾਨਿਤ ਕੀਤਾ। ਇਸ ਮੌਕੇ ਸਰਪੰਚ ਹਰਬੰਸ ਸਿੰਘ, ਪ੍ਰਧਾਨ ਨਛੱਤਰ ਸਿੰਘ ਛੱਤਾ, ਮਾਸਟਰ ਬਲਦੇਵ ਸਿੰਘ, ਸੁਖਮੰਦਰ ਸਿੰਘ, ਭਿੰਦਾ ਸਿੰਘ ਮੈਂਬਰ, ਗਿਆਨ ਦਾਸ, ਚਮਕੌਰ ਸਿੰਘ, ਠਾਣਾ ਸਿੰਘ ਮੈਂਬਰ, ਸੂਬੇਦਾਰ ਮਹਿੰਦਰ ਸਿੰਘ, ਨਿਰਮਲ ਸਿੰਘ ਡੇਅਰੀ ਵਾਲਾ, ਜੈਬ ਸਿੰਘ, ਲੈਲੂ ਸਿੰਘ, ਸ਼ੇਰ ਸਿੰਘ, ਬਸੰਤ ਸਿੰਘ, ਬਿਟਾ ਸਿੰਘ, ਪ੍ਰਿਤਪਾਲ ਸਿੰਘ, ਹੰਦਰੀ ਸਿੰਘ, ਹਰਦੇਵ ਸਿੰਘ, ਬਿੱਲੂ ਸਿੰਘ, ਸ਼ੀਰੂ ਸਿੰਘ, ਬਾਬਾ ਦਰਸ਼ਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਸੰਗਤਾਂ ਹਾਜ਼ਰ ਸਨ।




# ਕਦੇ ਚੁੱਲ੍ਹੇ ਤੇ ਮੰਜੇ ਖੜ੍ਹੇ ਕਰ ਛਾਂ ਕਰਕੇ ਰੋਟੀ ਪਕਾਉਣ ਦਾ ਰਿਵਾਜ਼ ਵੀ ਹੁੰਦਾ ਸੀ ਪੰਜਾਬ ਵਿੱਚ



ਜੇਕਰ ਪੁਰਾਤਨ ਸਮੇਂ ਦੇ ਭਾਵ ਨੱਬੇ ਪਚੰਨਵੇਂ ਸਾਲਾਂ ਦੇ ਵਡੇਰੀ ਉਮਰ ਦੇ ਬਜ਼ੁਰਗਾਂ ਨਾਲ ਕਦੇ ਕਦਾਈਂ ਬੈਠ ਕੇ ਗੱਲ ਕਰਨ ਦਾ ਸਮਾਂ ਮਿਲੇ ਤਾਂ ਓਹ ਅਕਸਰ ਇਹ ਕਹਿੰਦੇ ਨੇ ਕਿ "ਛੋਟਿਆ ਆਹ ਹੁਣ ਦੇ ਸਮੇਂ ਕਿਹੜੀ ਗਰਮੀ ਪੈਂਦੀ ਹੈ? ਗਰਮੀ ਤਾਂ ਸਾਡੇ ਸਮਿਆਂ ਵਿੱਚ ਭਾਵ ਜਦੋਂ ਅਸੀਂ ਜਵਾਨ ਸੀ ਓਦੋਂ ਪੈਂਦੀ ਹੁੰਦੀ ਸੀ" ਕਹਿਣ ਦਾ ਮਤਲਬ ਕੋਈ ਚਾਰ ਕੁ ਦਹਾਕੇ ਪਹਿਲਾਂ।

ਜੇਕਰ ਵੇਖਿਆ ਜਾਵੇ ਤਾਂ ਅਜੋਕੀ ਨੌਜਵਾਨੀ ਤੋਂ ਨਾਂ ਤਾਂ ਹੁਣ ਗਰਮੀ ਸਹੀ ਜਾਂਦੀ ਹੈ ਅਤੇ ਨਾ ਹੀ ਠੰਢ। ਓਹਨਾਂ ਮੁਤਾਬਕ ਹੁਣ ਬਹੁਤ ਜ਼ਿਆਦਾ ਗਰਮੀ ਤੇ ਠੰਢ ਪੈ ਰਹੀ ਹੈ। ਪਰ ਅਸਲੀਅਤ ਇਸ ਤੋਂ ਬਿਲਕੁਲ ਉਲਟ ਹੈ ਕਿਉਂਕਿ ਓਹਨਾਂ (ਪੁਰਾਤਨ) ਸਮਿਆਂ ਵਿੱਚ ਖ਼ੁਰਾਕਾਂ ਖਾਲਸ ਤੇ ਚੰਗੀਆਂ ਸਨ, ਸਰੀਰਾਂ ਵਿੱਚ ਜਾਨ ਹੁੰਦੀ ਸੀ, ਭਾਵੇਂ ਕਿੰਨੀ ਵੀ ਗਰਮੀ ਜਾਂ ਸਰਦੀ ਸੀ ਓਦੋਂ ਝੱਲਣ ਦੇ ਕਾਬਲ ਸਨ ਸਾਡੇ ਵੱਡ ਵਡੇਰੇ। ਪਰ ਇਸ ਦੇ ਉਲਟ ਅਜੋਕੇ ਸਮੇਂ ਵਿੱਚ ਮਿਲਾਵਟੀ ਤੇ ਖਾਦਾਂ ਨੇ ਸਾਡੇ ਖਾਣ ਪੀਣ ਵਾਲੀਆਂ ਸਾਰੀਆਂ ਚੀਜ਼ਾਂ ਜ਼ਹਿਰੀ ਬਣਾ ਦਿੱਤੀਆਂ ਹਨ, ਇਸ ਲਈ ਇਨ੍ਹਾਂ ਵਿੱਚ ਕੋਈ ਤੰਤ ਹੀ ਨਹੀਂ ਰਹਿ ਗਿਆ ਕਰਕੇ ਸਰੀਰਾਂ ਵਿੱਚ ਬਿਲਕੁਲ ਜਾਨ ਹੀ ਨਹੀਂ ਰਹੀ ? ਰਹਿੰਦੀ ਖੂੰਹਦੀ ਕਸਰ ਅਗਾਂਹ ਵਧੂ ਸਮੇਂ ਤੇ ਸੋਚ ਨੇ ਕੱਢ ਦਿੱਤੀ ਹੈ, ਏ ਸੀ ਕਾਰਾਂ ਏ ਸੀ ਕਮਰੇ ਏ ਸੀ ਦਫ਼ਤਰ। ਇੱਕ ਥਾਂ ਤੋਂ ਏ ਸੀ 'ਚੋਂ ਨਿਕਲੋ ਤੇ ਦੂਜੇ ਥਾਂ ਏ ਸੀ 'ਚ ਵੜ ਜਾਓ। ਭਾਵ ਸਰੀਰ ਸੋਹਲ ਹੋ ਗਏ ਹਨ ਤੇ ਗਰਮੀ ਜਾਂ ਸਰਦੀ ਝੱਲਣ ਦੇ ਸਮਰੱਥ ਈ ਨਹੀਂ ਰਹੇ ਤੇ ਨਾ ਹੀ ਕੋਈ ਆਪਦੇ ਆਪ ਨੂੰ ਪਸੀਨਾ ਆਉਣ ਈ ਦਿੰਦਾ ਹੈ, ਜਦੋਂ ਕਿ ਪਸੀਨਾ ਆਉਣ ਨਾਲ ਬਹੁਤ ਸਾਰੀਆਂ ਬੀਮਾਰੀਆਂ ਹੀ ਖਤਮ ਹੋ ਜਾਂਦੀਆਂ ਹਨ। ਇਸੇ ਲਈ ਅਜੋਕੇ ਸਮੇਂ ਵਿੱਚ ਨਾਂ ਗਰਮੀ ਤੇ ਨਾ ਸਰਦੀ ਝੱਲੀ ਜਾਂਦੀ ਹੈ ਸਗੋਂ ਬਹੁਤ ਜ਼ਿਆਦਾ ਇਸੇ ਕਰਕੇ ਹੀ ਮਹਿਸੂਸ ਹੁੰਦੀ ਹੈ।

ਓਦੋਂ ਆਮ ਚੁੱਲ੍ਹੇ ਜਾਂ ਚੁਰ ਤੇ ਰੋਟੀ ਪਕਾਉਂਦਿਆਂ ਵਾਣ ਦੇ ਮੰਜੇ ਛਾਂ ਲਈ ਖੜ੍ਹੇ ਕਰਕੇ ਪੁਰਾਣੀਆਂ ਬੀਬੀਆਂ ਭੈਣਾਂ ਰੋਟੀ ਪਕਾਉਂਦੀਆਂ ਰਹੀਆਂ ਹਨ, ਕਿਉਂਕਿ ਓਦੋਂ ਗੈਸੀ ਚੁਲ੍ਹਿਆਂ ਦਾ ਹਾਲੇ ਰਿਵਾਜ ਨਹੀਂ ਸੀ। ਮੈਨੂੰ ਯਾਦ ਹੈ ਕਿ ਇੱਕ ਵਾਰ ਅਸੀਂ ਚਾਰ ਦੋਸਤ ਸਾਈਕਲਾਂ ਤੇ ਮੱਤੇ (ਜੈਤੋ ਦੇ ਨੇੜੇ) ਪਿੰਡ ਭਾਵ ਮੇਰੇ ਸਹੁਰੇ ਘਰ ਮੇਰੇ ਪਿੰਡ ਦੱਦਾਹੂਰ ਤੋਂ ਆਏ ਸਾਂ ਜੋ ਦੱਦਾਹੂਰ ਤੋਂ ਕਰੀਬ ਸੱਠ/ਪੈਂਹਠ ਕਿਲੋਮੀਟਰ ਪੈਂਦਾ ਹੈ। (ਇਹ ਕਰੀਬ ਸੰਨ ਉੱਨੀ ਸੌ ਅਠੱਤਰ ਦੀ ਗੱਲ ਹੋਵੇਗੀ) ਅਸੀਂ ਰਸਤੇ ਵਿੱਚ ਹੀ ਰਾਇ ਕਰ ਲਈ ਕਿ ਜਾ ਕੇ ਰੋਟੀ ਖਾਂਦਿਆਂ ਨੇ ਆਟਾ ਚਾਰ ਵਾਰ ਗੁੰਨਾਉਣਾ ਹੈ, ਮੂੜ੍ਹ ਮੱਤ ਸੀ, ਸੋ ਗਰਮੀ ਬਹੁਤ ਜ਼ਿਆਦਾ ਸੀ ਜੇਠ ਹਾੜ ਦਾ ਮਹੀਨਾ ਸੀ, ਤੇ ਦੋ ਸਾਲੀਆਂ ਕਵਾਰੀਆਂ ਸਨ ਤੇ ਚਾਂਵ 'ਚ ਪਿਆਂ ਨੇ ਓਵੇਂ ਹੀ ਕੀਤਾ। ਅੰਤਾਂ ਦੀ ਗਰਮੀ ਵਿੱਚ ਚੁਲ੍ਹੇ ਤੇ ਮੰਜਾ ਖੜ੍ਹਾ ਕਰ ਕੇ ਚਾਰ ਵਾਰ ਆਟਾ ਗੁੰਨ੍ਹ ਕੇ ਗਰਮ ਗਰਮ ਰੋਟੀ ਚਾਰ ਪ੍ਰਾਹੁਣਿਆਂ ਨੂੰ ਖਵਾਉਣੀ ਇਹ ਤਾਂ ਫਿਰ ਓਹ ਈ ਜਾਣਦੀ ਹੈ ਜੀਹਨੇ ਪਕਾਈ ਤੇ ਖੁਆਈ ਹੋਊ? ਸਾਲੀ ਸਾਹਿਬਾਂ ਪੂਰੀ ਪਸੀਨੇ ਨਾਲ ਨੁਚੜਣ ਲੱਗੀ ਸੀ ਫਿਰ ਕਿਤੇ ਜਾ ਕੇ ਅਸੀਂ ਰੋਟੀ ਖਾਣੋਂ ਹਟੇ ਸਾਂ, ਕਿਉਂਕਿ ਓਹਨੇ ਰੋਟੀਆਂ ਕੱਚੀਆਂ ਲਾਹੁਣੀਆਂ ਸ਼ੁਰੂ ਕਰਤੀਆਂ ਤੇ ਰੱਜ ਅਸੀਂ ਵੀ ਗਏ ਸਾਂ। ਸਮੇਂ ਚੰਗੇ ਸੀ ਕੋਈ ਕਿਸੇ ਦਾ ਗੁੱਸਾ ਗਿਲਾ ਵੀ ਨਹੀਂ ਸੀ ਕਰਦਾ। ਸੋ ਇਹ ਹਕੀਕਤ ਬੀਤੀ ਹੋਈ ਸਚਾਈ ਹੈ।

ਕਹਿਣ ਦਾ ਭਾਵ ਕਿ ਇਹ ਉਪਰੋਕਤ ਸਮੇਂ ਵੀ ਪੰਜਾਬ ਤੇ ਸਿਖਰਾਂ ਤੇ ਰਹੇ ਹਨ, ਜੋ ਸਾਰੇ ਵੇਖੇ ਤੇ ਹੱਡੀਂ ਹੰਢਾਏ ਹਨ। ਪਰ ਅੱਜ ਨਾ ਤਾਂ ਓਹ ਵਾਣ ਦੇ ਮੰਜੇ ਹੀ ਰਹੇ, ਨਾਂ ਚੁੱਲ੍ਹੇ ਚੌਂਕੇ ਤੇ ਨਾ ਹੀ ਓਹੋ ਜਿਹੀਆਂ ਖ਼ੁਰਾਕਾਂ। ਸਮੇਂ ਦੇ ਬਦਲਾਅ ਨਾਲ ਸਭ ਕੁੱਝ ਬਹੁੱਤ ਤੇਜ਼ੀ ਨਾਲ ਬਦਲ ਰਿਹਾ ਹੈ, ਤੇ ਆਪਾਂ ਵੀ ਓਸੇ ਮੁਤਾਬਕ ਢਲ ਰਹੇ ਹਾਂ। ਪਰ ਓਹ ਸਮੇਂ ਕਦੇ ਕਦੇ ਪਾਠਕਾਂ ਸਰੋਤਿਆਂ ਜਾਂ ਸਾਡੀ ਨਵੀਂ ਪੀੜ੍ਹੀ ਨਾਲ ਸਾਂਝੇ ਜ਼ਰੂਰ ਕਰ ਲਈਦੇ ਨੇ, ਜੋ ਦਿਮਾਗ਼ ਦੇ ਕਿਸੇ ਕੋਨੇ ਤੇ ਯਾਦਾਂ ਦੇ ਰੂਪ ਵਿੱਚ ਸੰਭਾਲੇ ਹੋਏ ਨੇ।

**ਜਸਵੀਰ ਸ਼ਰਮਾਂ ਦੱਦਾਹੂਰ**
**ਸ਼੍ਰੀ ਮੁਕਤਸਰ ਸਾਹਿਬ।, ਮੋ. 95691-49556**

## ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
# ਸਾਡਾ ਪੰਜਾਬੀ ਵਿਰਸਾ

**009**

**ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ**
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)



01. ਕਿਸੇ ਜਗ੍ਹਾ ਤੋਂ ਅੱਗੇ ਲਈ ਤੁਰਣ ਨੂੰ 'ਕੂਚ ਕਰਨਾ' ਕਹਿੰਦੇ ਹਨ।
02. 'ਗੋਲੀਆਂ' ਰਾਜੇ, ਰਾਣੀਆਂ ਦੀ ਸੇਵਾ ਕਰਨ ਵਾਲੀਆਂ ਔਰਤਾ ਨੂੰ ਕਹਿੰਦੇ ਸਨ।
03. ਜੋ ਫੈਸਲਾ ਜਾਂ ਗੱਲ-ਬਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਕੀਤਾ ਗਿਆ ਹੋਵੇ ਉਸ ਨੂੰ 'ਗੁਰਮਤਾ' ਕਹਿੰਦੇ ਹਨ।
04. 'ਗੁੱਝਾ' ਸ਼ਬਦ ਦਾ ਮਤਲਬ ਹੈ ਗੁਪਤ।
05. 'ਚੁਫੇਰੇ' ਦਾ ਮਤਲਬ ਚਾਰੇ ਪਾਸੇ (ਚਾਰੇ ਦਿਸਾਵਾ ਵਿੱਚ)
06. 'ਜਨਾਬ' ਮਾਣਯੋਗ ਵਿਅਕਤੀ ਜਾਂ ਆਪਣੇ ਤੋਂ ਵੱਡੇ ਅਫਸਰ ਨੂੰ ਕਹਿੰਦੇ ਹਨ।
07. 'ਸਿੱਕਾ' ਕਿਸੇ ਦੇਸ ਦੀ ਮੁਦ੍ਰਾ ਜਿਸ ਤੇ ਸਰਕਾਰ ਦਾ ਚਿੰਨ੍ਹ ਹੋਵੇ ਤੇ ਰੁਪਏ ਪੈਸੇ ਦੇ ਰੂਪ ਵਿੱਚ ਵਰਤਿਆ ਜਾਂਦਾ ਹੋਵੇ।
08. ਕਿਸੇ ਖਾਸ ਵਿਅਕਤੀ ਦੇ ਅੰਗ-ਰੱਖਿਅਕ ਜਿਨ੍ਹਾਂ ਨੂੰ ਪਹਿਰੇਦਾਰ ਵੀ ਕਿਹਾ ਜਾਂਦਾ ਹੈ।
09. ਕੋਈ ਵੀ ਕੰਮ ਇੱਕਦਮ ਕਰ ਲਈ 'ਤੁਰੰਤ' ਸ਼ਬਦ ਵਰਤਿਆ ਜਾਂਦਾ ਹੈ (ਤੁਰੰਤ=ਇੱਕਦਮ)।
10. ਕਾਗਜ ਤੇ ਲਿੱਖ ਜਦੋਂ ਕਿਸੇ ਨੂੰ ਕੋਈ ਸੁਨੇਹਾ ਭੇਜਿਆ ਜਾਦਾ ਹੈ ਉਸ ਕਾਗਜ ਨੂੰ 'ਚਿੱਠੀ' ਕਿਹਾ ਜਾਂਦਾ ਹੈ।

'ਸਿੱਕਾ'




ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ

**E-mail: mehakwattandi@rediffmail.com, Help Line: (+91)-9988-92-9988**

# ਸੰਤ ਬਾਬਾ ਜਮੀਤ ਸਿੰਘ ਚੈਰੀਟੇਬਲ ਟਰੱਸਟ ਲੋਪੋ ਵੱਲੋਂ ਪ੍ਰੋਗਰਾਮ 'ਧੀਆਂ ਦੀ ਲੋਹੜੀ' ਵਿੱਚ ਧਾਰਮਿਕ, ਰਾਜਨੀਤਿਕ ਸਖਸੀਅਤਾਂ, ਪ੍ਰਸ਼ਾਸ਼ਨ ਦੇ ਉੱਚ ਅਧਿਕਾਰੀ ਅਤੇ ਫਿਲਮ ਸਟਾਰਾ ਨੇ ਵੀ ਸ਼ਮੂਲੀਅਤ ਕੀਤੀ



**ਬਲਾਸਪੁਰ/ ਭਵਨਦੀਪ ਸਿੰਘ ਪੁਰਬਾ**

ਇਲਾਕੇ ਦੀ ਪ੍ਰਸਿੱਧ ਸੰਸਥਾਂ ਸੰਤ ਬਾਬਾ ਜਮੀਤ ਸਿੰਘ ਚੈਰੀਟੇਬਲ ਟਰੱਸਟ ਲੋਪੋ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਤ ਬਾਬਾ ਜਮੀਤ ਸਿੰਘ ਜੀ ਸੀਨੀਅਰ ਸੈਕੰਡਰੀ ਸਕੂਲ ਲੋਪੋ ਵਿਖੇ ਸੁਆਮੀ ਜਗਰਾਜ ਸਿੰਘ ਜੀ ਲੰਗਰਾਂ ਵਾਲਿਆਂ ਦੀ ਯੋਗ ਅਗਵਾਹੀ ਹੇਠ ਹੋਇਆ ਲੋਹੜੀ ਦਾ ਪ੍ਰੋਗਰਾਮ 'ਧੀਆਂ ਦੀ ਲੋਹੜੀ' ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਧਾਰਮਿਕ ਸਖਸੀਅਤਾਂ ਤੋ ਇਲਾਵਾ ਪ੍ਰਸਾਸ਼ਨ ਦੇ ਉੱਚ ਅਧਿਕਾਰੀ, ਰਾਜਨੀਤਿਕ ਸਖ਼ਸ਼ੀਅਤਾਂ ਅਤੇ ਫਿਲਮ ਸਟਾਰਾ ਨੇ ਵੀ ਸ਼ਸਮੂਲੀਅਤ ਕੀਤੀ।

ਸੁਆਮੀ ਜਗਰਾਜ ਸਿੰਘ ਜੀ ਲੋਪੋ ਯੋਗ ਅਗਵਾਹੀ ਅਤੇ ਚੇਅਰਮੈਨ ਜਗਜੀਤ ਸਿੰਘ ਸਿੱਧੂ ਦੇ ਯੋਗ ਪ੍ਰਬੰਧਾਂ ਹੇਠ ਹੋਏ ਇਸ ਬਹੁੱਤ ਵੱਡੇ ਪੱਧਰ ਦੇ ਪ੍ਰੋਗਰਾਮ 'ਧੀਆਂ ਦੀ ਲੋਹੜੀ' ਦਾ ਉਦਘਾਟਨ ਸੁਆਮੀ ਜਗਰਾਜ ਸਿੰਘ ਜੀ ਲੋਪੋ ਦੇ ਨਾਲ ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਅਤੇ ਉੱਘੇ ਫਿਲਮ ਸਟਾਰ ਹੌਬੀ ਧਾਲੀਵਾਲ ਨੇ ਰੀਬਨ ਕੱਟ ਕੇ ਕੀਤਾ। ਉਸ ਤੋਂ ਬਾਅਦ ਪੂਰੇ ਰਸਮਾਂ ਰਿਵਾਜ਼ਾਂ ਨਾਲ ਲੋਹੜੀ ਬਾਲੀ ਗਈ ਅਤੇ ਹਾਜ਼ਰ ਸਾਰੇ ਹੀ ਲੋਕਾਂ ਨੂੰ ਧੀਆਂ ਦੀ ਲੋਹੜੀ ਵੰਡੀ ਗਈ। ਇਸ ਪ੍ਰੋਗਰਾਮ ਵਿੱਚ ਐਡੀਸ਼ਨਲ ਡਿਪਟੀ ਕਮਿਸ਼ਨਰ ਮੈਡਮ ਅਨੀਤਾ ਦਰਸ਼ੀ ਅਤੇ ਮੈਡਮ ਚਾਰੂ ਮਿਤਾ ਐਸ.ਡੀ.ਐਮ ਧਰਮਕੋਟ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ। ਉਪਰੋਕਤ ਮਹਿਮਾਨਾ ਨੇ 51 ਅਜਿਹੇ ਮਾਪਿਆਂ ਨੂੰ ਤੋਹਫੇ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਜਿੰਨ੍ਹਾਂ ਦੇ ਘਰ ਪਿਛਲੇ ਸਾਲ ਦੌਰਾਨ ਧੀਆਂ ਨੇ ਜਨਮ ਲਿਆ ਹੈ ਅਤੇ ਉਨ੍ਹਾਂ ਮਾਪਿਆਂ ਨੇ ਧੀਆਂ ਦੇ ਵੀ ਪੁੱਤਰਾਂ ਵਾਗ ਲਾਡ ਲਡਾਏ ਹਨ।

ਸਾਰੇ ਸਮਾਗਮ ਵਿੱਚ ਚਾਹ, ਪਕੌੜੇ ਅਤੇ ਗੁਰੂ ਘਰ ਦੇ ਲੰਗਰ ਚੱਲਦੇ ਰਹੇ। ਸਮਾਗਮ ਵਿੱਚ ਬੱਚਿਆਂ ਵੱਲੋ ਗਿੱਧਾਂ, ਭੰਗੜਾਂ, ਸੰਮੀ, ਨਾਟਕ ਅਤੇ ਸੱਭਿਆਚਾਰਕ ਗੀਤਾ ਤੇ ਗਿੱਧੇ ਦੀਆਂ ਕਈ ਆਈਟਮਾਂ ਪੇਸ਼ ਕੀਤੀਆਂ ਗਈਆਂ। ਸਟਜ਼ ਤੋਂ ਬੋਲਦਿਆਂ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਫਿਲਮ ਸਟਾਰ ਹੌਬੀ ਧਾਲੀਵਾਲ, ਏ.ਡੀ.ਸੀ. ਮੈਡਮ ਅਨੀਤਾ ਦਰਸ਼ੀ ਅਤੇ ਮੈਡਮ ਚਾਰੂ ਮਿਤਾ (ਐਸ.ਡੀ.ਐਮ ਧਰਮਕੋਟ) ਨੇ ਕਿਹਾ ਕਿ ਭਰੂਣ ਹੱਤਿਆ ਕਾਰਨ ਲੜਕੀਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਹੈ। ਹੁਣ ਸਾਨੂੰ ਲੜਕੀਆਂ ਨੂੰ ਸਮਾਜ ਵਿੱਚ ਉੱਚਾ ਸਨਮਾਨ ਦਵਾਉਣ ਦੇ ਵੱਡੇ ਉਪਰਾਲਿਆਂ ਦੀ ਲੋੜ ਹੈ। ਉਨ੍ਹਾਂ ਨੂੰ ਮਾਇਕ ਤੌਰ ਤੇ ਆਤਮ ਨਿਰਭਰ ਬਣਾਉਣਾ ਸਾਡੀ ਜ਼ੁੰਮੇਵਾਰੀ ਹੈ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਰਿਟਾਇਡ ਐਸ.ਪੀ. ਸ. ਮੁਖਤਿਆਰ ਸਿੰਘ, ਟਿੱਕਾ ਸਿੱਧੂ ਲੁਧਿਆਣਾ, ਹਰਜੀਤ ਸਿੰਘ ਸਰਪੰਚ ਲੋਪੋ, ਸ. ਜੋਗਿੰਦਰ ਸਿੰਘ ਸਾਬਕਾ ਸਰਪੰਚ ਰਸੂਲਪੁਰ, ਅਮਰੀਕ ਸਿੰਘ ਲੋਪੋ, ਤੀਰਥ ਸਿੰਘ ਲੋਪੋ, ਜੱਥੇਦਾਰ ਬਲਦੇਵ ਸਿੰਘ, ਸੁਖਦੀਪ ਸਿੰਘ ਸਿੱਧੂ, ਪ੍ਰਿੰਸੀਪਲ ਬਲਜਿੰਦਰ ਸਿੰਘ, ਚੇਅਰਮੈਨ ਜਗਜੀਤ ਸਿੰਘ ਸਿੱਧੂ, ਅਜੀਤ ਸਿੰਘ ਬਾਬੇ ਕਾ, ਮਨਜੀਤ ਕੌਰ ਸਿੱਧੂ, ਮੇਹਰ ਸਿੰਘ ਕ੍ਰਿਸ਼ਨਪੁਰਾ ਗੁਰਿੰਦਰਦੀਪ ਕੌਰ ਸਿੱਧੂ, ਭਗਵਾਨ ਸਿੰਘ ਕਿਸ਼ਨਪੁਰਾ, ਕਹਿਰੂ ਸਿੰਘ ਰਸੂਲਪੁਰ ਆਦਿ, ਸਕੂਲ ਦਾ ਸਟਾਫ, ਵਿਦਿਆਰਥੀ ਅਤੇ ਸੇਵਾਦਾਰ ਹਾਜ਼ਰ ਸਨ।

# ਗੁਰਦੁਆਰਾ ਬਾਬੇ ਸ਼ਹੀਦਾਂ ਚੰਦ ਪੁਰਾਣਾ ਚ ਹੋਈਆਂ ਪੁਰਾਤਨ ਖੇਡਾਂ 'ਚ ਬਾਜ਼ੀਗਰਾਂ ਨੇ ਕੀਤਾ ਕਲਾ ਦਾ ਪ੍ਰਦਰਸ਼ਨ

## ਇਹ ਖੇਡਾਂ ਆਉਂਦੀਆਂ ਪੀੜ੍ਹੀਆਂ ਨੂੰ ਲੋਕ ਸੱਭਿਆਚਾਰ ਨਾਲ ਜੋੜਨ ਦਾ ਵਸੀਲਾ ਹਨ - ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ







ਮਾਲਵੇ ਪ੍ਰਸਿੱਧ ਅਤੇ ਪਵਿੱਤਰ ਇਤਿਹਾਸਿਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤੱਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਜਿੱਥੇ ਇਸ ਸਥਾਨ 'ਤੇ ਗੁਰਮਤਿ ਸਮਾਗਮ ਕਰਵਾਏ ਜਾਂਦੇ ਹਨ ਉੱਥੇ ਹਰ ਸਾਲ ਲੋਹੜੀ ਦੇ ਪਵਿੱਤਰ ਤਿਉਹਾਰ ਮੌਕੇ ਇਸ ਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਦੀ ਰਹਿਨੁਮਾਈ ਹੇਠ ਸੰਗਤਾਂ ਦੇ ਸਹਿਯੋਗ ਦੇ ਨਾਲ ਪੁਰਾਤਨ ਖੇਡਾਂ ਵੀ ਕਰਵਾਈਆਂ ਜਾਂਦੀਆਂ ਹਨ ਜਿਸ ਵਿੱਚ ਦੂਰੋਂ ਦੂਰੋਂ ਬਾਜੀਗਰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਦੇ ਲਈ ਪਹੁੰਚਦੇ ਹਨ। ਇਸ ਸਮਾਗਮ ਦੇ ਵਿੱਚ ਪਹੁੰਚੇ ਬਾਜ਼ੀਗਰਾਂ ਨੇ ਘੋਲ ਕਬੱਡੀ ਅਤੇ ਵੱਖ-ਵੱਖ ਬਾਜ਼ੀ ਦੇ ਅੰਦਾਜ਼ਾਂ ਦੇ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰਜਨ ਕੀਤਾ।

ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣੇ ਵਾਲਿਆਂ ਨੇ ਕਿਹਾ ਕਿ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ ਦਾ ਇੱਕ ਸੁਪਨਾ ਸੀ ਕਿ ਇਸ ਸਥਾਨ ਤੇ ਪੁਰਾਤਨ ਖੇਡਾਂ ਵੀ ਕਰਵਾਈਆਂ ਜਾਣ ਅਤੇ ਉਹਨਾਂ ਦੇ ਸੁਪਨੇ ਹਮੇਸ਼ਾ ਸਾਕਾਰ ਕੀਤੇ ਗਏ ਹਨ ਜਿਸ ਕਰਕੇ ਇਹ ਖੇਡਾਂ ਲੰਬੇ ਸਮੇਂ ਤੋਂ ਚੱਲ ਰਹੀਆਂ ਹਨ। ਹਰ ਸਾਲ ਇੱਥੇ ਬਾਜ਼ੀਗਰ ਪਹੁੰਚ ਕੇ ਆਪੋ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਸੰਗਤਾਂ ਦੇ ਸਹਿਯੋਗ ਦੇ ਨਾਲ ਇਹਨਾਂ ਖੇਡਾਂ 'ਚ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਗੁਰਦੁਆਰਾ ਸਾਹਿਬ ਵੱਲੋਂ ਸਨਮਾਨਿਤ ਵੀ ਕੀਤਾ ਜਾਂਦਾ ਹੈ। ਬਾਬਾ ਜੀ ਨੇ ਕਿਹਾ ਕਿ ਸਮੇਂ ਦੀ ਚਾਲ ਨੇ ਵਿਗਿਆਨ, ਤਕਨਾਲੋਜੀ, ਕਲਾ ਅਤੇ ਲੋਕ ਪਰੰਪਰਾ ਨੂੰ ਨਵੇਂ ਸਿਰੇ ਤੋਂ ਵਿਉਂਤਿਆ ਹੈ। ਇਸ ਨਾਲ ਲੋਕ ਕਲਾਵਾਂ ਅਤੇ ਲੋਕ ਖੇਡਾਂ ਬੀਤੇ ਸਮੇਂ ਦੀ ਗੱਲ ਹੋ ਗਈਆਂ ਹਨ ਪਰ ਪੰਜਾਬੀਆਂ ਦਾ ਵਿਰਸੇ ਨਾਲ ਮੋਹ ਜੱਗ ਜ਼ਾਹਿਰ ਹੈ, ਇਸ ਲਈ ਇਹ ਖੇਡਾਂ ਆਉਂਦੀਆਂ ਪੀੜ੍ਹੀਆਂ ਨੂੰ ਲੋਕ ਸੱਭਿਆਚਾਰ ਨਾਲ ਜੋੜਨ ਦਾ ਵਸੀਲਾ ਹੈ। ਅੱਜ ਦੇ ਯੁੱਗ ਵਿੱਚ ਤਕਨਾਲੋਜੀ ਨਾਲ ਜੁੜੇ ਬੱਚਿਆਂ ਨੂੰ ਇਨ੍ਹਾਂ ਖੇਡਾਂ ਬਾਰੇ ਜਾਣੂ ਕਰਵਾਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਆਮ ਤੌਰ 'ਤੇ ਇਹ ਖੇਡਾਂ ਸਮੂੰਹਾਂ ਵਿੱਚ ਖੇਡੀਆਂ ਜਾਂਦੀਆਂ ਹਨ, ਜਿਸ ਨਾਲ ਸਮਾਜ ਵਿੱਚ ਸਾਂਝੀਵਾਲਤਾ, ਪਿਆਰ ਤੇ ਸਦਭਾਵਨਾ ਪੈਦਾ ਹੁੰਦੀ ਹੈ। ਬਾਬਾ ਜੀ ਨੇ ਇਨ੍ਹਾਂ ਖੇਡਾਂ ਨਾਲ ਜੁੜਨ ਲਈ ਕਿਹਾ ਤਾਂ ਜੋ ਲੋਕ ਰਵਾਇਤ ਦੀ ਅਮੀਰੀ ਨੂੰ ਮਹਿਸੂਸ ਕਰ ਸਕਣ।

-ਭਵਨਦੀਪ

# ਘਰ ਵਿੱਚ ਆਇਆ ਹਰ ਬੱਚਾ ਰੱਬ ਵੱਲੋਂ ਬਖਸ਼ੀ ਸੌਗਾਤ ਹੈ - ਭਵਨਦੀਪ

## ਅਜੀਤ ਨਗਰ ਵਿੱਚ ਮਨਾਈ ਗਈ 4 ਧੀਆਂ ਦੀ ਲੋਹੜੀ




ਪੁਰਾਤਨ ਸਮਿਆਂ ਵਿੱਚ ਲੋਕ ਸਿਰਫ ਮੁੰਡੇ ਦੇ ਜਨਮ ਤੇ ਜਾਂ ਉਸ ਦੇ ਵਿਆਹ ਹੋਣ ਤੇ ਹੀ ਲੋਹੜੀ ਮਨਾਉਦੇ ਸਨ ਪਰ ਅੱਜ ਕੱਲ੍ਹ ਲੋਕ ਸਮਝਦਾਰ ਹੋ ਗਏ ਹਨ ਇਸ ਲਈ ਉਹ ਮੁੰਡੇ ਕੁੜੀਆਂ ਵਿਚ ਫਰਕ ਨਹੀਂ ਕਰਦੇ। ਘਰ ਵਿੱਚ ਆਇਆ ਹਰ ਬੱਚਾ ਰੱਬ ਵੱਲੋਂ ਬਖਸ਼ੀ ਸੌਗਾਤ ਹੈ ਚਾਹੇ ਉਹ ਮੁੰਡਾ ਹੋਵੇ ਚਾਹੇ ਕੁੱੜੀ। ਇਸ ਲਈ ਸਾਨੂੰ ਨਵੇਂ ਆਏ ਹਰ ਬੱਚੇ ਦੀ ਖੁਸ਼ੀ ਲੋਹੜੀ ਮੌਕੇ ਸਾਂਝੀ ਕਰਨੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਅਤੇ ਮਹਿਕ ਵਤਨ ਦੀ ਫਾਉਡੇਸ਼ਨ ਦੇ ਚੇਅਰਮੈਨ ਸ. ਭਵਨਦੀਪ ਸਿੰਘ ਪੁਰਬਾ ਨੇ ਪਿਛਲੇ ਦਿਨੀ ਅਜੀਤ ਨਗਰ ਵਿਖੇ 4 ਧੀਆਂ ਦੀਆਂ ਮਨਾਈਆ ਜਾ ਰਹੀਆਂ ਲੋਹੜੀਆਂ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਸਾਡਾ ਅਜੀਤ ਨਗਰ ਆਪਣੀ ਵਿਰਾਸਤ ਨਾਲ ਜੁੜਿਆ ਹੋਇਆ ਹੈ। ਸਾਡੇ ਨਗਰ ਦੀ ਭਾਈਚਾਰਕ ਸਾਂਝ ਬਰਕਰਾਰ ਹੈ ਅਤੇ ਹਮੇਸ਼ਾ ਸਭ ਤਿਉਹਾਰ ਆਂਢ-ਗੁਆਂਢ ਦੇ ਲੋਕ ਇਕੱਠੇ ਹੋ ਕੇ ਮਨਾਉਂਦੇ ਹਾਂ।

ਉਨ੍ਹਾਂ ਨੇ ਦੱਸਿਆ ਕਿ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਐਤਕੀ ਅਜੀਤ ਨਗਰ ਵਿੱਚ 4 ਧੀਆਂ ਦੀ ਲੋਹੜੀ ਮਨਾਈ ਗਈ ਹੈ ਜਿਨ੍ਹਾਂ ਵਿੱਚ 3 ਧੀਆਂ ਸਮਾਜ ਸੇਵਾ ਸੋਸਾਇਟੀ ਦੇ ਪ੍ਰਧਾਨ ਸ. ਗੁਰਸੇਵਕ ਸਿੰਘ ਸੰਨਿਆਸੀ ਜੀ ਦੀਆਂ ਦੋਹਤੀਆ ਹਨ। ਸ. ਗੁਰਸੇਵਕ ਸਿੰਘ ਸੰਨਿਆਸੀ ਨੇ ਅਜੀਤ ਨਗਰ ਵਿਖੇ ਮੁੱਖ ਤੌਰ ਤੇ ਹਾਜ਼ਰ ਹੋ ਕੇ ਆਪਣੀਆ ਦੋਹਤੀਆ ਦੀ ਲੋਹੜੀ ਦੀ ਖੁਸ਼ੀ ਮੁਹੱਲਾ ਨਿਵਾਸੀਆਂ ਨਾਲ ਸਾਂਝੀ ਕੀਤੀ। ਉਨ੍ਹਾਂ ਦੀ ਇੱਕ ਦੋਹਤੀ ਸੀਰਤ ਪੁੱਤਰੀ ਜਤਨ ਬਜਾਜ ਤੇ ਹਰਵਿੰਦਰ ਕੌਰ ਨੇ ਅਜੀਤ ਨਗਰ ਵਿਖੇ ਹੀ ਜਨਮ ਲਿਆ ਹੈ। ਦੋ ਦੋਹਤੀਆਂ ਅਮੀਰਾਂ ਅਤੇ ਸਿਫ਼ਤ ਕੌਰ ਪੁਤਰੀਆਂ ਅਮਨਪ੍ਰੀਤ ਤੇ ਰੁਪਿੰਦਰ ਕੌਰ ਲੁਧਿਆਣਾ ਤੋਂ ਹਨ ਜੋ ਮੁੱਖ ਤੌਰ ਤੇ ਇਥੇ ਹਾਜ਼ਰ ਹੋਏ। ਚੌਥੀ ਧੀ ਅਜੀਤ ਨਗਰ ਦੇ ਵਸਨੀਕ ਬਲਜੀਤ ਸਿੰਘ ਤੇ ਜਸਵੀਰ ਕੌਰ ਦੀ ਪੋਤਰੀ ਬੇਟੀ ਹਰਗੁਨ ਕੌਰ ਪੁੱਤਰੀ ਸ. ਪ੍ਰਦੀਪ ਸਿੰਘ ਤੇ ਮਨਦੀਪ ਕੌਰ ਦੀ ਲੋਹੜੀ ਮਨਾਈ ਗਈ। ਇਨ੍ਹਾਂ ਸਮਾਗਮਾ ਵਿੱਚ ਗਾਇਕ ਹਰਕੀਰਤ ਬੇਦੀ 'ਹੈਰੀ ਬੀ' ਨੇ ਗੀਤਾ ਰਾਹੀ ਹਾਜ਼ਰੀ ਲਵਾਈ ਅਤੇ ਨਗਰ ਦੀਆਂ ਮਹਿਲਾਵਾ ਨੇ ਪੁਰਾਤਨ ਗਿੱਧੇ ਤੇ ਬੋਲੀਆਂ ਰਾਹੀ ਰੰਗ ਬੰਨ੍ਹਿਆ।

ਇਸ ਮੌਕੇ ਅਜੀਤ ਨਗਰ ਵਿਖੇ ਲੋਹੜੀ ਤੇ ਬੇਬੀ ਨੂਰ, ਏਕਮਜੋਤ ਸਿੰਘ ਪੁਰਬਾ, ਉਮੰਗਦੀਪ ਕੌਰ ਪੁਰਬਾ, ਚੰਦਨਪ੍ਰੀਤ ਕੌਰ ਪੁਰਬਾ, ਨਵਤਾਜ ਸਿੰਘ, ਪ੍ਰਭਨੂਰ ਸਿੰਘ, ਸੁਖਮਨੀ ਕੌਰ, ਪ੍ਰੀਤਇੰਦਰ ਸਿੰਘ, ਗੈਵੀ, ਮਲਵਿੰਦਰ ਸਿੰਘ 'ਮਲਕੂ' ਬੇਦੀ, ਹਰਜੀਤ ਸਿੰਘ 'ਲੱਕੀ', ਸਨਦੀਪ ਕੌਰ ਸੀਪੇ, ਸ. ਗੁਰਸੇਵਕ ਸਿੰਘ ਸੰਨਿਆਸੀ ਤੇ ਉਨ੍ਹਾਂ ਦੀ ਪਤਨੀ ਮਨਜੀਤ ਕੌਰ, ਸ਼੍ਰੀਮਤੀ ਨੀਲਮ, ਗੌਰਵ ਬਜਾਜ, ਦਿਨੇਸ਼ ਕੁਮਾਰ, ਸ਼ਾਲੂ, ਮਨਪ੍ਰੀਤ, ਸ. ਗੁਰਮੇਲ ਸਿੰਘ, ਸ਼੍ਰੀਮਤੀ ਕਰਮਜੀਤ ਕੌਰ, ਭਵਨਦੀਪ ਸਿੰਘ ਪੁਰਬਾ ਤੇ ਮੈਡਮ ਭਾਗਵੰਤੀ ਪੁਰਬਾ, ਮੈਡਮ ਅਮਨਦੀਪ ਕੌਰ ਪੁਰਬਾ, ਗੁਰਮੀਤ ਸਿੰਘ ਸਿਰਸਾ, ਪਰਮਜੀਤ ਸਿੰਘ ਬੇਦੀ, ਸਨਦੀਪ ਕੌਰ ਬੇਦੀ, ਸਨਦੀਪ ਸਿੰਘ ਬੇਦੀ, ਨਵਦੀਪ ਕੌਰ ਬੇਦੀ, ਕੁਲਦੀਪ ਕੌਰ ਰਮਨ, ਸ. ਕਰਨੈਲ ਸਿੰਘ, ਸ਼੍ਰੀਮਤੀ ਸੁਰਿੰਦਰ ਕੌਰ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

-ਇਕਬਾਲ ਸਿੰਘ ਖੋਸਾ

# ਸਾਡੇ ਪੰਜਾਬੀ ਸੱਭਿਆਚਾਰ ਦੇ ਉਲਟ ਹੈ ਪ੍ਰੀਵੈਡਿੰਗ ਸ਼ੂਟ

ਬਿਲਕੁੱਲ ਸੱਚ ਸਾਡਾ ਪੁਰਾਤਨ ਪੰਜਾਬੀ ਵਿਰਸਾ ਅਤੇ ਪੰਜਾਬੀ ਸੱਭਿਆਚਾਰ ਬਹੁਤ ਹੀ ਅਮੀਰ ਹੈ ਅਤੇ ਸਾਦੇ ਰੀਤੀ, ਰਿਵਾਜ਼ਾਂ ਨਾਲ ਜਾਣਿਆ ਜਾਣ ਵਾਲਾ ਇਹ ਪੰਜਾਬੀ ਸੱਭਿਆਚਾਰ ਸਾਡੇ ਰਹਿਣ, ਸਹਿਣ, ਪਹਿਰਾਵੇ ਅਤੇ ਰੀਤੀ ਰਿਵਾਜ਼ਾਂ ਨੂੰ ਹੀ ਕਹਿੰਦੇ ਹਨ ਅਤੇ ਅਸੀਂ ਇਨ੍ਹਾਂ ਰੀਤੀ ਰਿਵਾਜ਼ਾਂ ਜਾਣੀ ਸੱਭਿਆਚਾਰ ਤੋਂ ਆਪਣੇ ਬੱਚਿਆਂ ਨੂੰ ਜਾਣੂ ਵੀ ਕਰਾਉਦੇ ਹਾਂ। ਪਰ ਅੱਜ ਸਾਡੇ ਬੱਚੇ ਸਾਡੇ ਹੀ ਸੱਭਿਆਚਾਰ ਦੇ ਉਲਟ ਚੱਲ ਰਹੇ ਹਨ। ਕਿਉਂਕਿ ਜਿੱਥੇ ਅੱਜ ਦੀ ਪੀੜ੍ਹੀ ਆਪਣੇ ਪੰਜਾਬੀ ਸੱਭਿਆਚਾਰ ਦੇ ਉਲਟ ਚੱਲ ਸਾਰੇ ਪੁਰਾਣੇ ਰੀਤੀ ਰਿਵਾਜ਼ਾਂ ਨੂੰ ਸਿੱਕੇ ਟੰਗ ਕੇ ਹੁਸ਼ਲ ਪੁਣੇ ਵਾਲੇ ਕੰਮ ਕਰਦੇ ਨਜ਼ਰ ਆਉਦੇ ਹਨ ਉੱਥੇ ਲੱਖਾਂ ਰੁਪਏ ਵੀ ਵਾਧੂ ਖਰਚਿਆ ਵਿੱਚ ਉਡਾ ਰਹੇ ਹੁੰਦੇ ਹਾਂ।

ਮਾਪੇ ਤਾਂ ਇਹ ਸਭ ਕੁਝ ਇੱਕ ਤਮਾਸ਼ਬੀਨ ਬਣ ਵੇਖਦੇ ਰਹਿ ਜਾਦੇ ਹਨ। ਪਰ ਮਾਪੇ ਕਰਨ ਤਾਂ ਕੀ ਕਰਨ ? ਅੱਜ ਕੱਲ੍ਹ ਦੇ ਬੱਚੇ ਕਿਤੇ ਆਖੇ ਲੱਗਦੇ ਨੇ ਭਲਾਂ। ਮਾਪਿਆ ਦੇ ਸਗੋਂ ਉਲਟਾ ਕਹਿਣਗੇ ਇਹ ਪੁਰਾਣੀਆ ਅਨ੍ਹਪੜਾਂ ਵਾਲੀਆਂ ਗੱਲਾ ਛੱਡੋ। ਬੇਵੱਸ ਮਾਪਿਆ ਨੂੰ ਫਿਰ ਹਾਂ ਵਿੱਚ ਹਾਂ ਮਲਾਉਣੀ ਪੈਂਦੀ ਹੈ। ਕਦੇ ਜ਼ਮਾਨਾ ਹੁੰਦਾ ਸੀ ਵਿਆਹ ਵਾਲੇ ਲੜਕੀ ਅਤੇ ਲੜਕਾ ਵਿਆਹ ਤੋਂ ਪਹਿਲਾ ਗੱਲ ਵੀ ਨਹੀਂ ਸਨ ਕਰਦੇ। ਮਿਲਣਾ ਤਾਂ ਬਹੁਤ ਦੂਰ ਦੀ ਗੱਲ ਸੀ। ਪਰ ਅੱਜ ਸਾਡੇ ਬੱਚੇ ਇਕੱਠੇ ਹੀ ਵਿਆਹ ਦੀ ਦਾਜ਼, ਵਰੀ ਖਰੀਦ ਦੇ ਹਨ। ਹੋਟਲਾ ਵਿੱਚ ਇੱਕਠੇ ਬੈਠ ਖਾਣਾ ਖਾਦੇ ਹਨ ਅਤੇ ਪ੍ਰੀਵੈਡਿੰਗ ਸ਼ੂਟ ਤੇ ਬਾਹਰ ਇਕੱਠੇ ਰਹਿੰਦੇ ਹਨ। ਪਹਿਲਾਂ ਭਾਵੇਂ ਸਾਦਗੀ ਭਰਪੂਰ ਜ਼ਿੰਦਗੀ ਸੀ ਪਰ ਨਿਭਦੀ ਪਤੀ, ਪਤਨੀ ਦੀ ਅੱਜ ਦੇ ਜੁਆਕਾਂ ਨਾਲੋਂ ਕਿਤੇ ਜ਼ਿਆਦਾ ਸੀ। ਅੱਜ ਦੇ ਰਿਸ਼ਤਿਆ ਵਿੱਚ ਜਿੰਨਾਂ ਜ਼ਿਆਦਾ ਖੁੱਲ੍ਹਾਪਨ ਅਤੇ ਪੈਸੇ ਦਾ ਬੇ-ਹਿਸਾਬਾ ਖਰਚ ਹੋਣ ਲੱਗ ਪਿਆ ਹੈ ਉਨ੍ਹੇ ਹੀ ਤਲਾਕ ਵੀ ਜ਼ਿਆਦਾ ਵੱਧ ਗਏ ਹਨ ਕਿਉਂਕਿ ਸਬਰ ਅਤੇ ਸ਼ਹਿਣ ਸੀਲਤਾ ਤਾਂ ਖੰਭ ਲਾ ਕੇ ਉੱਡ ਗਈ ਹੈ।

ਅੱਜ ਦੇ ਬੱਚਿਆ ਵਿੱਚੋਂ ਹਰ ਕੋਈ ਆਪਣੀ ਮਨ ਮਰਜ਼ੀ ਕਰਦਾ ਅਤੇ ਰਿਸ਼ਤਿਆ ਦੀ ਕਦਰ ਘਟਾ ਨਿੱਤ ਨਵਾਂ ਕੰਮ ਕਰਦਾ ਹੈ ਫਿਰ ਰਿਸ਼ਤੇ ਵੀ ਇਹੋ ਜਿਹੇ ਹੀ ਨਿਭਣਗੇ। ਪਰ ਲੋੜ ਹੈ ਐਸੇ ਰੀਤੀ ਰਿਵਾਜ਼ਾਂ ਨੂੰ ਬੰਦ ਕਰਨ ਦੀ ਕਿਉਂਕਿ ਇਸ ਨਾਲ ਪੈਸੇ ਦੀ ਬੱਚਤ ਵੀ ਹੋਵੇਗੀ ਅਤੇ ਕਿਸੇ ਹੱਦ ਤੱਕ ਸ਼ਰਮ, ਹਯਾ, ਲੱਜਾ ਅਤੇ ਹੋਰ ਘਰੇਲੂ ਜੀਵਨ ਵਿੱਚ ਆਉਣ ਵਾਲੀਆ ਕਠਿਣ ਪ੍ਰਸਥਿਤੀਆ ਵਿੱਚ ਸੁਧਾਰ ਲਿਆਦਾ ਜਾ ਸਕਦਾ ਹੈ। ਜੇਕਰ ਬੱਚੇ ਮਾਪਿਆ ਦੇ ਕਹੇ ਲੱਗ ਪੈਸੇ ਦੀ ਬੱਚਤ ਕਰਨ ਅਤੇ ਵਿਆਹੁਤਾ ਜ਼ਿੰਦਗੀ ਦੇ ਕੌੜੇ, ਮਿੱਠੇ ਤਜ਼ਰਬੇ ਮਾਪਿਆ ਤੋਂ ਸਿੱਖ ਨਵੀਂ ਵਿਆਹੁਤਾ ਜ਼ਿੰਦਗੀ ਦੀ ਸ਼ੁਰੂਆਤ ਕਰਨ। ਇਸ ਤ੍ਰਰਾ ਕਰਨ ਨਾਲ ਲੰਬਾ ਸਮਾਂ ਅਸੀਂ ਆਪਣੀ ਵਿਆਹੁਤਾ ਜ਼ਿੰਦਗੀ ਦਾ ਆਨੰਦ ਵੀ ਮਾਣ ਸਕਦੇ ਹਾਂ। ਆਪਣਾ ਪੈਸਾ ਬਚਾ ਕਿਸੇ ਹੋਰ ਕਾਰਜ਼ ਵਿੱਚ ਲਗਾ ਸਕਦੇ ਹਾਂ ਜਿਸ ਨਾਲ ਸਾਡੀ ਵਿਆਹੁਤਾ ਜ਼ਿੰਦਗੀ ਦਾ ਸਫਰ ਸੁਖਾਲਾ ਅਤੇ ਸੁਹਾਣਾ ਬਣ ਜਾਵੇ।

ਸੋ ਅਖੀਰ ਵਿੱਚ ਬੱਚਿਓ ਆਪਣੇ ਪੁਰਾਤਨ ਪੰਜਾਬੀ ਸੱਭਿਆਚਾਰ ਨੂੰ ਮਨੋ ਨਾ ਵਿਸਾਰੋ ਅਤੇ ਇਸ ਦੇ ਉਲਟ ਹੋ ਕੇ ਪੱਛਮੀ ਸੱਭਿਆਚਾਰ ਨੂੰ ਨਾ ਸਵੀਕਾਰੋ। ਸੰਭਲੋ ਬੱਚਿਓ ! ਅਜੇ ਵੇਲਾ ਹੈ ਸੰਭਲਣ ਦਾ ਆਪਣੀ ਚਾਦਰ ਵੇਖ ਕੇ ਪੈਰ ਪਸਾਰੋ।

-ਪਰਮਜੀਤ ਕੌਰ ਸੋਢੀ
ਭਗਤਾ ਭਾਈ ਕਾ। ਮੋ. 94786-58384

ਵਧੀਆ ਕੁਆਲਿਟੀ ਵਿੱਚ ਫਲੈਕਸਾਂ ਬਣਵਾਉਣ
ਜੰਤਰੀਆਂ, ਕੈਲੰਡਰ, ਡਾਇਰੀਆਂ, ਮੈਗਜ਼ੀਨ, ਪੁਸਤਕਾਂ ਛਪਵਾਉਣ
ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ
ਲਈ ਸੰਪਰਕ ਕਰੋ :
ਮਹਿਕ ਵਤਨ ਦੀ ਐਡਵੋਟਾਈਜਮੈਂਟ ਕੰਪਨੀ (ਰਜਿ.)
Help Line :
9988-92-9988
E-mail:mehakwattandi@rediffmail.com
www.mehakwatandilive.com




# ਕਿਵੇਂ ਛੱਡੀਏ ਚਿੰਤਾਂ ਕਰਨੀ

ਹਰਕੀਰਤ ਕੌਰ, ਮੋ. 97791-18066

ਕੋਈ ਵੀ ਕੰਮ ਤਾਂ ਹੀ ਸਿੱਖਿਆ ਜਾ ਸਕਦਾ ਹੈ, ਜੇਕਰ ਕਿਸੇ ਵਿੱਚ ਉਸ ਕੰਮ ਨੂੰ ਸਿੱਖਣ ਦੀ ਇੱਛਾ ਹੋਵੇਗੀ। ਬਿਨਾਂ ਇੱਛਾ ਤੋਂ ਜਬਰ ਦਸਤੀ ਅਸੀਂ ਕਿਸੇ ਨੂੰ ਕਿਸੇ ਵੀ ਤਰ੍ਹਾਂ ਦਾ ਗੁਣ ਧਾਰਣ ਨਹੀਂ ਕਰਵਾ ਸਕਦੇ। ਜਿੰਨੀ ਦੇਰ ਇੱਕ ਨਸ਼ੇੜੀ ਖੁਦ ਨਸ਼ਿਆ ਤੋਂ ਤੌਬਾ ਨਹੀਂ ਕਰੇਗਾ, ਉਨ੍ਹੀ ਦੇਰ ਕਿਸੇ ਵੀ ਤਰ੍ਹਾਂ ਦੀ ਪ੍ਰਕਿਰਿਆ, ਸਮਾਧਾਨ ਉਸਨੂੰ ਨਸ਼ਿਆ ਤੋਂ ਦੂਰ ਨਹੀਂ ਕਰ ਸਕਦਾ। ਇਸੇ ਕਰਕੇ ਬਹੁਤ ਸਾਰੇ ਨਸ਼ਿਆ ਦੇ ਆਦੀ ਨੌਜਵਾਨ ਨਸ਼ੇ ਛੁਡਾਊ ਕੇਂਦਰਾਂ ਵਿੱਚ ਰਹਿ ਕੇ ਵੀ ਇਸ ਕੋਹੜ ਤੋਂ ਖਹਿੜਾ ਨਹੀਂ ਛੁਡਵਾ ਸਕੇ। ਕੋਈ ਨਵੀਂ ਚੰਗੀ ਆਦਤ ਦੇ ਧਾਰਣੀ ਹੋਣਾ ਹੋਵੇ ਜਾਂ ਕੋਈ ਬੁਰੀ ਆਦਤ ਤੋਂ ਤੌਬਾ ਕਰਨਾ ਹੋਵੇ, ਉਹ ਉਨੀਂ ਦੇਰ ਸੰਭਵ ਨਹੀਂ ਜਿੰਨੀ ਦੇਰ ਸਾਹਮਣੇ ਵਾਲੇ ਵਿਅਕਤੀ ਦਾ ਮਨੋਬਲ ਉਸਦਾ ਸਾਥ ਨਹੀਂ ਦੇਵੇਗਾ।

ਜਿਸ ਸਮਾਜ ਵਿੱਚ ਅਸੀਂ ਅੱਜ ਜੀਅ ਰਹੇ ਹਾਂ, ਇਸ ਸਮਾਜ ਵਿੱਚ ਮਾਨਸਿਕ ਬਿਮਾਰੀਆਂ ਨੇ ਸਭ ਤੋਂ ਭਿਆਨਕ ਰੂਪ ਅਖਤਿਆਰ ਕਰ ਲਿਆ ਹੈ। ਮਨ ਦੇ ਖੇੜੇ, ਚਿਹਰਿਆਂ ਦੇ ਹਾਸੇ, ਘਰਾਂ ਵਿੱਚ ਗੂੰਜਦੀਆਂ ਹਾਸੇ ਦੀਆਂ ਕਿਲਕਾਰੀਆਂ ਚਿੰਤਾਵਾਂ ਦੇ ਪਹਾੜ ਹੇਠਾਂ ਦੱਬ ਚੁੱਕੀਆਂ ਹਨ। ਜਿੱਧਰ ਵੇਖੋ ਚਿਹਰਿਆਂ ਤੋਂ ਰੌਣਕਾਂ ਉੱਡੀਆਂ ਹੋਈਆਂ, ਹਾਸਿਆਂ ਦੀ ਥਾਂ ਹੌਂਕਿਆਂ ਨੇ ਲਈ ਹੋਈ ਹੈ। ਪਿਆਰ ਹੁਲਾਰਿਆਂ, ਹਾਸਿਆਂ ਠੱਠਿਆਂ ਨੂੰ ਮਾਨਸਿਕ ਉਲਝਣਾਂ ਨੇ ਨਰੜ ਕੇ ਰੱਖਿਆ ਹੋਇਆ ਹੈ। ਅੱਜ ਦੇ ਮਨੁੱਖਾਂ ਦੀ ਸਭ ਤੋਂ ਭਿਆਨਕ ਬਿਮਾਰੀ ਚਿੰਤਾਂ ਹੈ ਅਤੇ ਚਿੰਤਾਂ ਹੀ ਸਾਰੇ ਮਾਨਸਿਕ ਰੋਗਾਂ ਦੀ ਜੜ੍ਹ ਹੈ। ਚਿੰਤਾਵਾਂ ਦੇ ਕਾਰਣ ਵੀ ਕੀ ਹਨ? ਪੈਸਾ, ਸੁੱਖ ਸਹੂਲਤਾਂ, ਇੱਕ ਦੂਸਰੇ ਤੋਂ ਅੱਗੇ ਨਿਕਲਣ ਦੀ ਤਾਂਘ, ਅਸੰਤੁਸ਼ਟੀ, ਹਮੇਸ਼ਾ ਆਪਣੇ ਆਪ ਨੂੰ ਦੂਸਰਿਆਂ ਤੋਂ ਘੱਟ ਸਮਝਣਾ ਅਤੇ ਪਰਾਈ ਤਾਤ ਰੱਖਣੀ। ਹਾਂ ਮੈਂ ਮੰਨਦੀ ਹਾਂ ਕਿ ਤੁਸੀਂ ਬਹੁਤ ਸਾਰੀਆਂ ਚਿੰਤਾਵਾਂ ਸਹੇੜ ਚੁੱਕੇ ਹੋ ਅਤੇ ਮਾਨਸਿਕ ਰੋਗੀਆਂ ਦੀ ਸੂਚੀ ਵਿੱਚ ਸ਼ਾਮਿਲ ਹੋ ਚੁੱਕੇ ਹੋ। ਪਰ ਹੁਣ ਸਾਨੂੰ ਇਹ ਦੇਖਣਾ ਪਵੇਗਾ ਕਿ ਇੱਕ ਮਾਨਸਿਕ ਰੋਗੀ ਜੋ ਹਮੇਸ਼ਾ ਚਿੰਤਾਵਾਂ ਵਿੱਚ ਘਿਰਿਆ ਰਹਿੰਦਾ ਹੈ, ਚਿੰਤਾਂ ਮੁਕਤ ਕਿਵੇਂ ਹੋ ਸਕਦਾ ਹੈ।



ਜਿਵੇਂ ਮੈਂ ਸ਼ੁਰੂਆਤ ਵਿੱਚ ਦੱਸਿਆ ਕਿ ਕੋਈ ਵੀ ਕੰਮ ਉਨੀਂ ਦੇਰ ਨਹੀਂ ਕੀਤਾ ਜਾ ਸਕਦਾ, ਜਿੰਨੀ ਦੇਰ ਉਸਨੂੰ ਕਰਨ ਵਾਲਾ ਜਾਂ ਸਿੱਖਣ ਵਾਲਾ ਆਪਣੇ ਆਪ ਤਿਆਰ ਨਹੀਂ ਹੈ। ਕੋਈ ਵੀ ਕੰਮ ਅਭਿਆਸ ਨਾਲ ਸਿੱਖਿਆ ਜਾਂਦਾ ਹੈ, ਸੋ ਚਿੰਤਾਂਵਾਨ ਨੂੰ ਸਭ ਤੋਂ ਪਹਿਲਾਂ ਚਿੰਤਾਂ ਦਾ ਅਭਿਆਸ ਕਰਨਾ ਬੰਦ ਕਰਨਾ ਪਵੇਗਾ ਅਤੇ ਚਿੰਤਾਂ ਨਾ ਕਰਨ ਦਾ ਅਭਿਆਸ ਸ਼ੁਰੂ ਕਰਨਾ ਪਵੇਗਾ। ਕੋਈ ਵੀ ਕੰਮ ਜਿਸਨੂੰ ਅਸੀਂ ਕਰਨਾ ਛੱਡ ਦੇਵਾਂਗੇ, ਉਸਨੂੰ ਹੌਲੀ-ਹੌਲੀ ਅਸੀਂ ਕਰਨਾ ਭੁੱਲ ਜਾਵਾਂਗੇ। ਚਿੰਤਾਵਾਨ ਜਦੋਂ ਹਰ ਵੇਲੇ ਚਿੰਤਾਂ ਵਿੱਚ ਡੁੱਬਿਆ ਰਹਿੰਦਾ ਹੈ ਤਾਂ ਇਹ ਨਿਸ਼ਚਿੰਤ ਹੋਣ ਦੀ ਪ੍ਰਕਿਰਿਆ ਵਿੱਚ ਸਭ ਤੋਂ ਵੱਡੀ ਰੁਕਾਵਟ ਹੁੰਦੀ ਹੈ। ਇਹ ਵੀ ਮੰਨਣਾ ਪਵੇਗਾ ਕਿ ਚਿੰਤਾਵਾਨ ਦਾ ਕਹਿਣਾ ਹੁੰਦਾ ਹੈ ਕਿ ਉਸ ਕੋਲੋਂ ਚਿੰਤਾਂ ਕਰਨੀ ਛੱਡ ਨਹੀਂ ਹੁੰਦੀ, ਉਹ ਯਤਨ ਕਰਦਾ ਹੈ ਪਰ ਮੁੜ ਘੁੜ ਕੇ ਉਸਦੇ ਮਨ ਵਿੱਚ ਨਕਾਰਾਤਮਕ ਖਿਆਲ ਹੀ ਆਉਂਦੇ ਹਨ, ਅਜਿਹੇ ਵਿੱਚ ਚਿੰਤਾਵਾਨ ਮਨੁੱਖ ਦੇ ਪਰਿਵਾਰਿਕ ਮੈਂਬਰ ਬਹੁਤ ਵੱਡੀ ਭੂਮਿਕਾ ਨਿਭਾ ਸਕਦੇ ਹਨ, ਉਹ ਹਮੇਸ਼ਾ ਉਸ ਮਨੁੱਖ ਕੋਲ ਚੜ੍ਹਦੀ ਕਲਾ, ਸਕਾਰਾਤਮਕ ਊਰਜਾ ਨਾਲ ਭਰਭੂਰ ਗੱਲਾਂ ਕਰ ਸਕਦੇ ਹਨ। ਚਿੰਤਾਵਾਨ ਮਨੁੱਖ ਨੂੰ ਵੀ ਆਪਣੇ ਅੰਦਰ ਚੰਗੀਆਂ ਗੱਲਾਂ ਲਿਆਉਣ ਦਾ ਅਭਿਆਸ ਕਰਨਾ ਚਾਹੀਦਾ ਹੈ।

ਡਾਕਟਰ ਐੱਚ.ਐੱਲ. ਹੌਲਿੰਗਵਰਥ ਲਿਖਦੇ ਹਨ ਕਿ "ਚਿੰਤਾਵਾਨ ਮਨੁੱਖ ਨੂੰ ਉਸ ਦੀਆਂ ਤਕਲੀਫ਼ਾਂ ਦੇ ਕੇਵਲ ਕਾਰਨ ਦੱਸਣ ਦੀ ਲੋੜ ਹੁੰਦੀ ਹੈ। ਜੇ ਉਸ ਨੂੰ ਆਪਣੀਆਂ ਤਕਲੀਫ਼ਾਂ ਦੇ ਕਾਰਨਾਂ ਦਾ ਚਾਨਣ ਹੋ ਜਾਵੇ ਤਾਂ ਉਸਦੇ ਰਾਜ਼ੀ ਹੋਣ ਲਈ ਹੋਰ ਚੀਜ਼ ਦੀ ਲੋੜ ਨਹੀਂ ਰਹਿੰਦੀ। ਜਦੋਂ ਚਿੰਤਾਵਾਨ ਨੂੰ ਆਪਣੀਆਂ ਪਰੇਸ਼ਾਨੀਆਂ ਦੇ ਕਾਰਨਾਂ ਦਾ ਪਤਾ ਲੱਗ ਜਾਂਦਾ ਹੈ ਤਾਂ ਉਹ ਬਹੁਤ ਸਾਰੇ ਡਰ, ਭਊ ਤੋਂ ਰਹਿਤ ਹੋ ਜਾਂਦਾ ਹੈ। ਜਦੋਂ ਚਿੰਤਾਵਾਨ ਵਿੱਚ ਡਰ ਖਤਮ ਹੋ ਗਿਆ ਤਾਂ ਉਹ ਆਪਣੇ ਆਪ ਠੀਕ ਹੋ ਜਾਵੇਗਾ"। ਇੱਕ ਹੋਰ ਪੱਛਮੀ ਲੇਖਕ ਆਪਣੀ ਕਿਤਾਬ (ਜੀਵਨ ਖੇਡਾਂ) ਵਿੱਚ ਲਿਖਦੇ ਹਨ ਕਿ "ਡਰ ਤੁਹਾਡੀਆਂ ਅੱਖਾਂ ਦੇ ਸਾਹਮਣੇ ਉਹ ਨਜ਼ਾਰੇ ਸਾਫ਼ ਸਾਫ਼ ਲੈ ਆਉਂਦਾ ਹੈ ਜਿੰਨਾਂ ਨੂੰ ਵੇਖਣੋਂ ਤੁਸੀਂ ਡਰਦੇ ਹੋ। ਸ਼ੇਰ ਆਪਣੀ ਨਿਡਰਤਾ ਅਤੇ ਖੂਨ ਖਾਰੀ ਤੁਹਾਡੇ ਡਰ ਤੋਂ ਪ੍ਰਾਪਤ ਕਰਦਾ ਹੈ, ਸ਼ੇਰ ਵੱਲ ਨਿਡਰ ਹੋਕੇ ਜਾਵੋ, ਉਹ ਭੱਜ ਜਾਵੇਗਾ, ਪਰ ਜੇ ਤੁਸੀਂ ਉਸ ਕੋਲੋਂ ਭੱਜੋਗੇ ਤਾਂ ਉਹ ਤੁਹਾਡੇ ਪਿੱਛੇ ਨੱਸੇਗਾ। ਇਹ ਕਥਨ ਉਹਨਾਂ ਲੋਕਾਂ ਤੇ ਬਿਲਕੁਲ ਢੁੱਕਵਾਂ ਹੈ ਜੋ ਹਰ ਚੀਜ਼ ਦੇ ਆਉਣ ਵਾਲੇ ਨਤੀਜਿਆਂ ਤੋਂ ਪਹਿਲਾਂ ਹੀ ਘਬਰਾਉਂਦੇ ਰਹਿੰਦੇ ਹਨ। ਡਰ ਦੇ ਅਧੀਨ ਹੋ ਆਪਣਾ ਆਪ ਉਸਨੂੰ ਸੌਂਪ ਦਿੰਦੇ ਹਨ ਅਤੇ ਫਿਰ ਮਾਨਸਿਕ ਪੀੜਾ ਸਹਿੰਦੇ ਰਹਿੰਦੇ ਹਨ।"

ਸਾਨੂੰ ਇੱਕ ਗੱਲ ਸਮਝਣੀ ਪਵੇਗੀ ਕਿ ਕਿਸੇ ਵੀ ਮੁਸ਼ਕਿਲ ਦਾ ਹੱਲ ਚਿੰਤਾਂ ਕਰਨੀ ਨਹੀਂ ਹੋ ਸਕਦਾ। ਉਦਹਾਰਣ ਦੇ ਤੌਰ ਤੇ ਜੇਕਰ ਇੱਕ ਵਿਦਿਆਰਥੀ ਆਪਣੇ ਇਮਤਿਹਾਨਾਂ ਦੇ ਨਤੀਜਿਆਂ ਦੇ ਆਉਣ ਤੋਂ ਡਰ ਰਿਹਾ ਹੈ ਤਾਂ ਉਹ ਫਜ਼ੂਲ ਹੈ, ਕਿਉਂਕਿ ਨਤੀਜੇ ਉਸ ਦੁਆਰਾ ਕੀਤੇ ਪੇਪਰ ਦੇ ਹੀ ਆਉਣੇ ਹਨ, ਚਿੰਤਾਂ ਕਰਨ ਨਾਲ ਉਸਦਾ ਇਮਤਿਹਾਨ ਵਿੱਚ ਕੀਤਾ ਗਲਤ ਸਵਾਲ ਸਹੀ ਵਿੱਚ ਤਬਦੀਲ ਨਹੀਂ ਹੋ ਸਕਦਾ। ਹਾਂ ਇਹ ਜ਼ਰੂਰ ਹੈ ਕਿ ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਉਸਨੂੰ ਸੁਚੱਜੇ ਢੰਗ ਨਾਲ ਕਿਵੇਂ ਕੀਤਾ ਜਾ ਸਕਦਾ ਹੈ, ਇਹ ਸੋਚਿਆ ਜਾ ਸਕਦਾ ਹੈ। ਸੋ ਚਿੰਤਾਵਾਂ ਦੇ ਚੱਲਦੇ ਇਸ ਪਰਵਾਹ ਨੂੰ ਰੋਕਣ ਦਾ ਇੱਕ ਸਭ ਤੋਂ ਕਾਰਗਰ ਤਰੀਕਾ ਇਹ ਹੈ ਕਿ ਚਿੰਤਾਂ ਦਾ ਅਭਿਆਸ ਕਰਨਾ ਬੰਦ ਕੀਤਾ ਜਾਵੇ। ਆਪਣੇ ਆਪ ਨੂੰ ਚਿੰਤਾਂ ਮੁਕਤ ਕਰਨ ਲਈ ਆਪਣਾ ਮਨੋਬਲ ਵਧਾਇਆ ਜਾਵੇ। ਹਮੇਸ਼ਾ ਚੜ੍ਹਦੀ ਕਲਾ ਵਿੱਚ ਰਿਹਾ ਜਾਵੇ। ਚਿੰਤਾਵਾਨ ਦੇ ਪਰਿਵਾਰਿਕ ਜੀਅ ਕਦੇ ਵੀ ਚਿੰਤਾਵਾਨ ਕੋਲ ਢਹਿੰਦੀ ਕਲਾ ਦੀ ਗੱਲ ਨਾ ਕਰਨ, ਹਮੇਸ਼ਾ ਪ੍ਰੋਸਾਹਿਤ ਕੀਤਾ ਜਾਵੇ ਕਿ ਉਹ ਬਿਲਕੁਲ ਠੀਕ ਹੈ। ਹਮੇਸ਼ਾ ਮਾਨਸਿਕ ਰੋਗੀ ਨੂੰ ਸਕਾਰਾਤਮਕ ਤਰੰਗਾਂ ਹੀ ਦਿੱਤੀਆਂ ਜਾਣ। ਜਿੰਨਾਂ ਹੋ ਸਕੇ ਉਸ ਨਾਲ ਹਮਦਰਦੀ ਕਰਨ ਅਤੇ ਉਸ ਵੱਲ ਤਰਸ ਭਰੀਆਂ ਨਿਗਾਹਾਂ ਨਾਲ ਦੇਖਣਾ ਬੰਦ ਕੀਤਾ ਜਾਵੇ ਤਾਂ ਜੋ ਉਸ ਵਿੱਚ ਸਕਾਰਾਤਮਕ ਊਰਜਾ ਭਰੀ ਜਾਵੇ। ਹਰ ਮੁਸ਼ਕਿਲ ਦਾ ਹੱਲ ਹੁੰਦਾ ਹੈ ਬਸ ਜਰੂਰਤ ਹੁੰਦੀ ਹੈ ਸਾਡੇ ਤਕੜੇ ਮਨੋਬਲ ਦੀ, ਜ਼ਰੂਰਤ ਹੁੰਦੀ ਹੈ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਦੀ।

# ਘਰ ਦੀ ਰਸੋਈ

ਪੇਸ਼ਕਸ: ਭਾਗਵੰਤੀ ਪੂਰਬਾ





## ਪਨੀਰ ਨਾਲ ਫੁੱਲਗੋਭੀ

ਸਮੱਗਰੀ :

1/2 ਕਿਲੋ ਪਨੀਰ
1 ਫੁੱਲਗੋਭੀ
2 ਬਰੀਕ ਕੱਟੇ ਹੋਏ ਪਿਆਜ਼
3 ਵੱਡੇ ਚਮਚ ਅਦਰਕ ਲੱਸਣ
1 ਚਮਚ ਪੀਸੀ ਕਾਲੀ ਮਿਰਚ
1 ਕੱਪ ਟਮਾਟਰਾਂ ਦਾ ਰਸ
ਡੇਢ ਚਮਚ ਧਨੀਆ
1 ਚਮਚ ਗਰਮ ਮਸਾਲਾ
2 ਵੱਡੇ ਚਮਚ ਕਸੂਰੀ ਮੇਥੀ
ਥੋੜੇ ਜਿਹੇ ਪੁਦੀਨੇ ਦੇ ਪੱਤੇ
ਤੇਲ ਤਲਣ ਲਈ
10 ਭਿੱਜੇ ਹੋਏ ਬਦਾਮ

ਘੋਲ ਬਣਾਉਣ ਲਈ :

ਇਕ ਕੱਪ ਮੱਕੀ ਦਾ ਆਟਾ
1/4 ਕੱਪ ਵੇਸਣ
ਲੂਣ ਸੁਆਦ ਅਨੁਸਾਰ
ਡੇਢ ਚਮਚ ਪੀਸੀ ਹੋਈ ਲਾਲ ਮਿਰਚ
ਥੋੜੀ ਜਿਹੀ ਹਿੰਗ
ਥੋੜੇ ਜਿਹੇ ਕੜੀ ਦੇ ਪੱਤੇ
ਹਰੀ ਮਿਰਚ ਅਤੇ ਧਨੀਆ

ਵਿਧੀ :

ਫੁੱਲਗੋਭੀ ਨੂੰ ਛੋਟਾ-ਛੋਟਾ ਕੱਟੋ ਅਤੇ ਪਾਣੀ ਵਿਚ ਲੂਣ ਪਾ ਕੇ ਦੋ ਮਿੰਟ ਤੱਕ ਉਬਾਲੋ। ਹੁਣ ਇਕ ਕੜਾਹੀ ਵਿਚ ਤੇਲ ਗਰਮ ਕਰਕੇ ਉਸ ਵਿਚ ਕੱਟੇ ਹੋਏ ਪਿਆਜ਼ ਭੁੰਨੋ ਅਤੇ ਇਸ ਵਿਚ ਅਦਰਕ, ਲੱਸਣ ਪਾ ਕੇ ਥੋੜੀ ਦੇਰ ਹੋਰ ਭੁੰਨੋ। ਬਾਅਦ ਵਿਚ ਪੀਸੀ ਹੋਈ ਕਾਲੀ ਮਿਰਚ, ਪੀਸਿਆ ਧਨੀਆ ਅਤੇ ਟਮਾਟਰਾਂ ਦਾ ਰਸ ਪਾ ਕੇ ਚੰਗੀ ਤਰਾਂ ਭੁੰਨੋ। ਉਦੋਂ ਭੁੰਨੋ ਜਦੋਂ ਤੱਕ ਤੇਲ ਮਸਾਲੇ ਤੋਂ ਵੱਖ ਨਾ ਦਿਖੇ। ਹੁਣ ਗੋਭੀ ਦੇ ਟੁਕੜੇ ਪਾਣੀ ਵਿਚੋਂ ਕੱਢ ਦਿਓ। ਇਸ ਵਿਚ ਗਰਮ ਮਸਾਲਾ, ਕਸੂਰੀ ਮੇਥੀ, ਪੁਦੀਨੇ ਦੇ ਪੱਤੇ ਕੱਟ ਕੇ ਪਾਓ ਅਤੇ ਗੈਸ ਤੋਂ ਉਤਾਰ ਲਓ। ਘੋਲ ਬਨਾਉਣ ਲਈ ਮੱਕੀ ਦੇ ਆਟੇ ਨੂੰ ਪਾਣੀ ਨਾਲ ਘੋਲ ਲਓ ਅਤੇ ਉਸ ਵਿਚ ਲੂਣ, ਲਾਲ ਮਿਰਚ, ਹਿੰਗ, ਕੜੀ ਪੱਤਾ, ਧਨੀਆ ਪਾਉ।

ਹੁਣ ਇਸ ਵਿਚ ਪਨੀਰ ਦੇ ਲੰਮੇ ਲੰਮੇ ਕੱਟੇ ਹੋਏ ਟੁਕੜੇ ਪਾ ਕੇ ਤੇਲ ਵਿਚ ਤਲੋ। ਤਲਣ ਤੋਂ ਬਾਅਦ ਪਨੀਰ ਨੂੰ ਗੋਭੀ ਵਿਚ ਚੰਗੀ ਤਰਾਂ ਮਿਲਾ ਲਓ ਅਤੇ ਛਿਲਕਾ ਉਤਾਰ ਕੇ ਬਦਾਮ ਨੂੰ ਛੋਟੇ ਛੋਟੇ ਟੁਕੜਿਆਂ ਵਿਚ ਕੱਟ ਕੇ ਸਬਜ਼ੀ ਉਪਰ ਸਜਾ ਦਿਓ। ਸੁਆਦ ਲਈ ਇਸ ਵਿਚ ਤੁਸੀਂ ਹੋਰ ਕੜੀ ਪੱਤੇ ਪਾ ਸਕਦੇ ਹੋ।

# ਦੋ-ਮੂੰਹੇਂ ਸੱਪ

- ਹਰਜੀਤ ਕੌਰ ਗਿੱਲ

ਕਈ ਵਾਰ ਲੋਕਾਂ ਦੀ ਸੋਚ ਤੇ ਹੈਰਾਨੀ ਵੀ ਹੁੰਦੀ ਹੈ ਅਤੇ ਹਾਸਾ ਵੀ ਆਉਂਦਾ ਹੈ। ਕਈ ਇਨਸਾਨ ਗਿਰਗਟ ਤੋਂ ਵੀ ਜ਼ਿਆਦਾ ਰੰਗ ਬਦਲਦੇ ਹਨ ਕਿ ਗਿਰਗਟ ਵੀ ਦੇਖ ਕੇ ਸ਼ਰਮਾ ਜਾਵੇ। "ਮੂੰਹ ਦੇ ਮਿੱਠੇ ਤੇ ਦਿਲ ਦੇ ਕਾਲੇ।" ਸੋਚ, ਦੂਜਿਆਂ ਨੂੰ ਨੀਵਾਂ ਦਿਖਾ ਕੇ ਚੰਗਾ ਬਣਨ ਦੀ। ਉੱਤੋਂ-ਉੱਤੋਂ ਲੱਗਦਾ ਹੈ ਕਿ ਇਹ ਜਿੰਨੀ ਫ਼ਿਕਰ ਤੁਹਾਡੀ ਕਰਦੇ ਹਨ, ਦੁਨੀਆਂ ਦਾ ਹੋਰ ਕੋਈ ਵੀ ਇਨਸਾਨ ਕਰ ਨਹੀਂ ਸਕਦਾ। ਫਿਰ ਵਿਚਾਰੇ ਬਣ ਜਾਂਦੇ ਹਨ। ਕਈ ਵਾਰ ਏਨੇ ਮਿੱਠੇ ਅਹਿਸਾਨਾਂ ਨਾਲ ਮਾਰਦੇ ਹਨ ਕਿ ਬੰਦੇ ਨੂੰ ਭੁਲੇਖਾ ਪੈਂਦਾ ਹੈ ਕਿ ਇਸ ਤੋਂ ਵੱਧ ਮੇਰਾ ਭਲਾ ਸੋਚਣ ਵਾਲਾ ਹੋਰ ਕੋਈ ਹੋ ਹੀ ਨਹੀਂ ਸਕਦਾ। ਮੈਂ ਐਵੇਂ ਹੀ ਇਹਦੇ ਬਾਰੇ ਗਲਤ ਸੋਚਦਾ ਰਿਹਾ। ਪਿੱਠ ਪਿੱਛੇ ਤੁਹਾਡੀ ਬੁਰਾਈ ਤੇ ਮੂੰਹ ਤੇ "ਭਰਾ ਨਾਲ ਖੜ੍ਹਾ ਤੇਰੇ ਜਾਂ ਭੈਣ ਨਾਲ ਖੜ੍ਹੀ ਤੇਰੇ ਹਮੇਸ਼ਾ" ਵਰਗੇ ਦਿਲਾਸੇ ਦਿੰਦੇ ਹਨ ਕਿ ਸੁਣਨ ਵਾਲੇ ਦੀਆਂ ਅੱਖਾਂ ਵਿੱਚ ਪਾਣੀ ਆ ਜਾਂਦਾ ਹੈ।

ਸੋ ਸਮਾਂ ਰਹਿੰਦੇ ਹੀ, ਅਜਿਹੇ ਲੋਕਾਂ ਤੋਂ ਸੰਭਲ ਜਾਵੋ! ਜੋ ਦੋ-ਮੂੰਹੇ ਸੱਪ ਬਣ ਕੇ ਮਿੱਠੇ ਜ਼ਹਿਰ ਦਾ ਐਸਾ ਡੰਗ ਮਾਰਦੇ ਹਨ ਕਿ ਇਹਨਾਂ ਦਾ ਡੰਗਿਆ ਬੰਦਾ ਪਾਣੀ ਵੀ ਨਹੀਂ ਮੰਗਦਾ। ਬਸ ਇਹੋ ਜਿਹੇ ਬੰਦਿਆਂ ਤੇ ਭਰੋਸਾ ਕਰਕੇ, ਇਨਸਾਨ ਸਾਰੀ ਉਮਰ ਪਛਤਾਉਂਦਾ ਰਹਿੰਦਾ ਹੈ। ਜ਼ਰਾ ਕੁ, ਆਪਣੇ ਆਸੇ-ਪਾਸੇ ਨਜ਼ਰ ਮਾਰੋ! ਇਹ ਤੁਹਾਨੂੰ ਤੁਹਾਡੀ ਬੁੱਕਲ ਵਿੱਚ ਬੈਠੇ ਹੀ ਮਿਲਣਗੇ ਅਤੇ ਸਮਾਂ ਰਹਿੰਦਿਆਂ ਹੀ ਸੰਭਲ ਜਾਓ! ਤਾਂ ਜੋ ਤੁਸੀਂ ਆਪਣੀ ਸਰੀਰਕ ਤੇ ਮਾਨਸਿਕ ਸਿਹਤ ਨੂੰ ਵਿਗੜਨ ਤੋਂ ਪਹਿਲਾਂ ਹੀ ਬਚਾ ਸਕੋ। ਮਾਰੋ ਝਾਤੀ, ਆਲੇ-ਦੁਆਲੇ ਅਤੇ ਲੱਭੋ ਕਿੰਨੇ ਕੁ ਹਨ ਅਜਿਹੇ ਦੋ ਧਾਰੀ ਤਲਵਾਰ? ਜੋ ਹਮਦਰਦ ਬਣ ਕੇ ਤੁਹਾਡੇ ਜ਼ਖਮਾਂ ਤੇ ਮਲਹਮ ਲਗਾਉਂਦੇ ਹਨ ਤੇ ਸਮਾਂ ਆਉਣ ਤੇ ਦੁਸ਼ਮਣੀ ਕੱਢਦੇ ਹਨ। ਅਜਿਹੇ ਲੋਕਾਂ ਨੂੰ ਰੱਬ ਵੀ ਕਦੇ ਮਾਫ਼ ਨਹੀ ਕਰਦਾ।

ਸੋ ਰਿਸ਼ਤੇ ਅਤੇ ਦੋਸਤੀ ਦਿਲ ਤੋਂ ਨਿਭਾਉ। ਕਿਉਂਕਿ ਜ਼ਿੰਦਗੀ ਬਹੁਤ ਛੋਟੀ ਜਿਹੀ ਤੇ ਖ਼ੂਬਸੂਰਤ ਹੈ। ਇਸ ਲਈ ਝੂਠ, ਫਰੇਬ, ਧੋਖਾ ਅਤੇ ਬਣਾਵਟੀ ਰਿਸ਼ਤਿਆਂ ਤੋਂ ਦੂਰ ਰਹੋ। ਪਿਆਰ, ਸੱਚਾਈ ਇਮਾਨਦਾਰੀ, ਵਫ਼ਾਦਾਰੀ ਤੇ ਦਿਲੀ ਹਮਦਰਦੀ ਨਾਲ ਰਿਸ਼ਤੇ ਨਿਭਾਓ। ਇੱਕ-ਦੂਜੇ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੋਵੋ। ਖੁਸ਼ੀਆਂ ਬੀਜੋ, ਹਾਸੇ ਉੱਗਣਗੇ! ਤੁਸੀਂ ਸਾਰੇ ਹੱਸਦੇ ਵੱਸਦੇ ਰਹੋ। ਲੰਮੀਆਂ ਉਮਰਾਂ ਮਾਣੋ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਦੇ ਰਹੋ।

# ਸਭ ਤੋਂ ਪਹਿਲਾਂ ਤਾਂ ਇੱਕ ਔਰਤ ਹੀ ਔਰਤ ਨੂੰ ਮੁਕਤੀ ਦੇਵੇ !

ਹੋ ਸਕਦਾ ਹੈ ਬਹੁਤੇ ਲੋਕ ਮੇਰੇ ਨਾਲ ਸਹਿਮਤ ਨਾ ਹੋਣ ਪਰ ਇਹ ਸੱਚਾਈ ਹੈ ਤੇ ਸੱਚਾਈ ਹਰ ਇੱਕ ਨੂੰ ਹਜਮ ਨਹੀਂ ਹੁੰਦੀ, ਅੱਜ ਭਾਵੇਂ ਜ਼ਮਾਨਾ ਬਦਲ ਚੁੱਕਾ ਹੈ ਲੋਕ ਬਦਲੇ ਹਨ ਸੋਚ ਬਦਲੀ ਹੈ ਤਕਨੀਕ ਬਦਲੀ ਹੈ ਔਰਤ ਪੜ੍ਹ ਲਿਖ ਕੇ ਮਰਦ ਨੂੰ ਬਰਾਬਰ ਦੀ ਹੋ ਕੇ ਟੱਕਰੀ ਹੈ ਪਰ ਕੀ ਔਰਤ ਨੇ ਸਮੇਂ ਦੇ ਨਾਲ ਨਾਲ ਆਪਣੀ ਸੋਚ ਬਦਲੀ ਹੈ?

ਇੱਕ ਔਰਤ ਹੀ ਮਾਂ ਹੈ ਤੇ ਇੱਕ ਔਰਤ ਹੀ ਸੱਸ ਇੱਕ ਪੜ੍ਹੀ ਲਿਖੀ ਔਰਤ ਲਿੰਗ ਟੈਸਟ ਦਾ ਸੋਚਦੀ ਹੈ। ਇੱਕ ਔਰਤ ਹੀ ਦੂਜੀ ਔਰਤ ਨੂੰ ਦਾਜ ਨਾ ਲੈ ਕੇ ਆਉਣ ਦਾ ਤਾਹਨਾ ਮਾਰਦੀ ਹੈ। ਇੱਕ ਔਰਤ ਹੀ ਦੂਜੀ ਔਰਤ ਦਾ ਘਰ ਬਰਬਾਦ ਕਰਦੀ ਹੈ। ਇੱਕ ਔਰਤ ਹੀ ਕੁੜੀਆਂ ਜੰਮਣ ਤੇ ਮੁੰਡਾ ਨਾ ਹੋਣ ਕਾਰਨ ਔਰਤ ਨੂੰ ਜਲੀਲ ਕਰਦੀ ਹੈ। ਇੱਕ ਔਰਤ ਹੀ ਔਰਤ ਨੂੰ ਔਲਾਦ ਨਾ ਹੋਣ ਤੇ ਬਾਂਝ ਹੋਣ ਦੇ ਤਾਹਨੇ ਕੱਸਦੀ ਹੈ। ਇੱਕ ਔਰਤ ਹੀ ਰੱਬ ਘਰ ਗਏ ਉਸ ਦੇ ਮਰਦ ਦਾ ਨਾ ਹੋਣ ਦਾ ਅਹਿਸਾਸ ਕਰਾ ਕੇ ਉਸਦਾ ਹਾਰ ਸ਼ਿੰਗਾਰ ਤੇ ਲੀੜਾ ਲੱਤਾ ਪਰਖਦੀ ਹੈ।

ਇਹ ਗੱਲਾਂ ਆਮ ਹਨ ਅਤੇ ਹਰ ਸ਼ਹਿਰ ਗਲੀ ਮੁਹੱਲੇ, ਪਿੰਡਾਂ ਵਿੱਚ ਤੁਹਾਨੂੰ ਹਜੇ ਵੀ ਆਮ ਹੀ ਸੁਣਨ ਨੂੰ ਮਿਲ ਜਾਣਗੀਆਂ। ਇਸ ਲਈ ਸਭ ਤੋਂ ਪਹਿਲਾਂ ਔਰਤ ਨੂੰ ਖੁਦ ਆਪਣੀ ਸੋਚ ਬਦਲਣ ਦੀ ਵੱਡੀ ਲੋੜ ਹੈ ਕਿਉਂਕਿ ਤਕਨੀਕਾਂ ਨਾਲ ਜ਼ਮਾਨਾਂ ਬਦਲ ਸਕਦਾ ਹੈ ਸੋਚ ਨਹੀਂ। ਓ ਸਾਨੂੰ ਖ਼ੁਦ ਨੂੰ ਬਦਲਨੀ ਪਵੇਗੀ। ਇਸ ਲਈ ਔਰਤ ਹੀ ਔਰਤ ਨੂੰ ਮੁਕਤੀ ਦੇਵੇ ਤਾਂ ਹੀ ਔਰਤ ਅੱਗੇ ਵਧ ਸਕੇਗੀ।

- ਡਾ. ਸਰਬਜੀਤ ਕੌਰ ਬਰਾੜ ਮੋਗਾ

CLASSIFIED ADVT. / ਕਲਾਸੀਫਾਈਡ ਇਸ਼ਤਿਹਾਰ

**ਪਲਾਟ ਵਿਕਾਊ**

ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।

ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ

ਸੰਪਰਕ ਕਰੋ: 98141-21463

ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: *9988-92-9988*




# ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਦੀ ਸਾਂਝ, ਮੁਸ਼ਕਲਾਂ ਤੇ ਜ਼ਿੰਦਗੀ ਨੂੰ ਪਰਦੇ 'ਤੇ ਪੇਸ਼ ਕਰੇਗੀ 'ਪਿੰਡ ਅਮਰੀਕਾ'

ਪੰਜਾਬੀ ਸਿਨਮਾ ਦੇ ਦੂਜੇ ਪੜਾਅ ਦੀ ਸ਼ੁਰੂਆਤ ਨਿਰਦੇਸ਼ਕ ਮਨਮੋਹਨ ਸਿੰਘ ਦੀ ਫਿਲਮ "ਜੀ ਆਇਆ ਨੂੰ" ਜ਼ਰੀਏ ਹੋਈ ਸੀ। ਪਰਵਾਸ ਨਾਲ ਸੰਬੰਧਿਤ ਇਸ ਫਿਲਮ ਨੇ ਪੰਜਾਬੀ ਇੰਡਸਟਰੀ ਨੂੰ ਮੁੜ-ਸੁਰਜੀਤ ਕੀਤਾ ਸੀ। ਇਸ ਫ਼ਿਲਮ ਤੋਂ ਬਾਅਦ ਪੰਜਾਬੀ ਇੰਡਸਟਈ ਇਸ ਮੁਕਾਮ 'ਤੇ ਹੈ ਕਿ ਪੰਜਾਬੀ ਫ਼ਿਲਮਾਂ ਦੁਨੀਆਂ ਭਰ ਵਿੱਚ ਦੇਖੀਆਂ ਜਾ ਰਹੀਆਂ ਹਨ। ਇਕ ਲੰਮੇ ਅਰਸੇ ਤੋਂ ਬਾਅਦ ਹੁਣ ਪਰਵਾਸ ਨਾਲ ਸਬੰਧਿਤ ਇੱਕ ਹੋਰ ਪੰਜਾਬੀ ਫ਼ਿਲਮ "ਪਿੰਡ ਅਮਰੀਕਾ" ਰਿਲੀਜ਼ ਹੋਈ ਹੈ। ਇਹ ਫ਼ਿਲਮ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀ ਬਾਤ ਪਾ ਰਹੀ ਹੈ।

ਲਾਇਨਜ਼ ਫ਼ਿਲਮਜ਼ ਪ੍ਰੋਡਕਸ਼ਨ ਹਾਊਸ ਅਤੇ ਸਿਮਰਨ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਲੇਖਕ ਅਤੇ ਨਿਰਦੇਸ਼ਕ ਸਿਮਰਨ ਸਿੰਘ ਦੀ ਇਸ ਫ਼ਿਲਮ "ਪਿੰਡ ਅਮਰੀਕਾ" ਨੂੰ ਡਾ. ਹਰਚੰਦ ਸਿੰਘ ਯੂ.ਐਸ.ਏ. ਨੇ ਪ੍ਰੋਡਿਊਸ ਕੀਤਾ ਹੈ। ਇਸ ਫ਼ਿਲਮ ਵਿੱਚ ਗਾਇਕ ਤੇ ਮਿਊਜ਼ਿਕ ਡਾਇਰੈਕਟਰ ਭਿੰਦਾ ਔਜਲਾ ਤੇ ਪ੍ਰੀਤੋ ਸਾਹਨੀ ਨੇ ਮੁੱਖ ਭੂਮਿਕਾ ਨਿਭਾਈ ਹੈ। ਫਿਲਮ ਵਿੱਚ ਅਮਰ ਨੂਰੀ, ਬੀ.ਕੇ. ਸਿੰਘ ਰੱਖਰਾ, ਭਿੰਦਾ ਔਜਲਾ, ਪ੍ਰੀਤੋ ਸਾਹਨੀ, ਮਾਸਟਰ ਸੁਹੇਲ ਸਿੱਧੂ, ਕਮਲਜੀਤ ਨੀਰੂ, ਅਸ਼ੋਕ ਟਾਗਰੀ, ਮਲਕੀਤ ਮੀਤ, ਜਸਵੀਰ ਨਿੱਝਰ ਸਿੱਧੂ, ਡਾ. ਹਰਚੰਦ ਸਿੰਘ, ਪ੍ਰੀਤੀ ਰਾਏ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੇ ਨਿਰਦੇਸ਼ਕ ਮੁਤਾਬਕ ਇਹ ਫ਼ਿਲਮ ਵਿਦੇਸ਼ਾਂ ਵਿੱਚ ਰਹਿੰਦੇ ਉਨ੍ਹਾਂ ਲੋਕਾਂ ਦੀ ਕਹਾਣੀ ਹੈ ਜੋ ਆਪਣੀ ਰੋਜ਼ੀ ਰੋਟੀ ਲਈ ਪਿੰਡ ਛੱਡ ਆਏ ਪਰੰਤੂ ਪਿੰਡ ਨੇ ਉਨ੍ਹਾਂ ਨੂੰ ਨਹੀਂ ਛੱਡਿਆ। ਬੇਸ਼ੱਕ ਜ਼ੁੰਮੇਵਾਰੀਆਂ ਦਾ ਬੋਝ ਚੁੱਕਦਿਆਂ ਬੁੱਢੇ ਹੋ ਗਏ ਪਰ ਆਪਣੀ ਵਿਰਾਸਤ, ਸੱਭਿਆਚਾਰ ਨਾਲੋਂ ਟੁੱਟੇ ਨਹੀਂ। ਜਿਸ ਵਿਰਾਸਤ ਨੂੰ ਅਸਲ ਪੰਜਾਬ ਦੇ ਲੋਕ ਭੁਲਦੇ ਜਾ ਰਹੇ ਹਨ, ਇੰਨ੍ਹਾਂ ਨੇ ਵਿਦੇਸ਼ਾਂ ਵਿਚ ਰਹਿ ਕੇ ਵੀ ਸਾਂਭਣ ਦਾ ਯਤਨ ਕੀਤਾ ਹੈ। ਇਹ ਫ਼ਿਲਮ ਇੱਕ ਪਰਿਵਾਰਕ ਕਹਾਣੀ ਹੈ ਜਿਸ ਵਿਚ ਦਾਦਾ ਪੋਤਾ ਦਾ ਪਿਆਰ, ਨੂੰਹ ਸੱਸ ਦੀ ਨੋਕ ਝੋਕ ਹੈ, ਅੱਲ੍ਹੜ ਦਿਲਾਂ ਦੀ ਮੁਹੱਬਤੀ ਬਾਤ ਹੈ, ਇਸ ਤੋਂ ਇਲਾਵਾ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਦੀ ਸਾਂਝ ਦਿਖਾਈ ਗਈ ਹੈ। ਇਸ ਵਿਚ ਜ਼ਿੰਦਗੀ ਦੇ ਹਰੇਕ ਰੰਗ ਨੂੰ ਪੇਸ਼ ਕੀਤਾ ਗਿਆ ਹੈ।



ਇਸ ਦੇ ਨਿਰਦੇਸ਼ਕ ਸਿਮਰਨ ਸਿੰਘ ਨੇ ਦੱਸਿਆ ਕਿ ਇਸ ਫ਼ਿਲਮ ਨੂੰ ਬਣਾਉਣ ਦਾ ਖਿਆਲ ਉਹਨਾਂ ਨੂੰ ਅਮਰੀਕਾ ਵਿੱਚ ਰਹਿੰਦੇ ਇੱਕ ਬਜ਼ੁਰਗ ਜੋੜੇ ਤੋਂ ਆਇਆ। ਇਸ ਬਜ਼ੁਰਗ ਜੋੜੇ ਨੇ ਘਰ ਉਹਨਾਂ ਨੇ ਪੁਰਾਤਨ ਵਿਰਸੇ ਦੀ ਨਿਸ਼ਾਨੀ ਪਿੱਤਲ, ਕਾਂਸੀ ਦੇ ਬਰਤਨਾਂ ਸਮੇਤ ਪੰਜਾਬ ਦੇ ਰਵਾਇਤੀ ਭਾਂਡੇ ਛੱਜ, ਮਧਾਣੀਆਂ ਆਦਿ ਨੂੰ ਇੱਕ ਵਿਰਾਸਤੀ ਅਜਾਇਬ ਘਰ ਵਜੋਂ ਵੇਖਿਆ। ਉਹਨਾਂ ਸੋਚਿਆ ਕਿ ਪੰਜਾਬ ਤੋਂ ਦੂਰ ਆ ਕੇ ਵੀ ਇਹ ਜੋੜਾ ਪੰਜਾਬ ਦੇ ਕਲਚਰ ਤੋਂ ਵੱਖ ਨਹੀਂ ਹੋਇਆ, ਜਦ ਉਹਨਾਂ ਕਲਚਰ ਦੀ ਇੱਕ ਫੋਟੋ ਅਮਰੀਕਾ ਵਿੱਚ ਵਸਿਆ ਪਿੰਡ ਕੈਪਸ਼ਨ ਲਿਖ ਕੇ ਫੇਸਬੁੱਕ ਤੇ ਪਾਈ ਤਾਂ ਲੋਕਾਂ ਨੇ ਬਹੁਤ ਪਸੰਦ ਕੀਤੀ ਤੇ ਇਸ ਬਾਰੇ ਫ਼ਿਲਮ ਬਣਾਉਣ ਦੀ ਸਲਾਹ ਦਿੱਤੀ। ਫ਼ਿਲਮ ਦੇ ਗੀਤ ਫਿਰੋਜ਼ ਖਾਨ, ਅਮਰ ਨੂਰੀ, ਅਲਾਪ ਸਿਕੰਦਰ, ਸ਼ਾਰੰਗ ਸਿਕੰਦਰ ਤੇ ਰਵੀ ਖਿੰਦ ਨੇ ਗਾਏ ਹਨ। ਇਨ੍ਹਾਂ ਗੀਤਾਂ ਨੂੰ ਬਾਬਾ ਨਜ਼ਮੀ, ਪ੍ਰੀਤ ਸੋਹਲ, ਮਲਕੀਤ ਮੀਤ ਅਤੇ ਜੀਤਾ ਉਪਲ ਨੇ ਲਿਖਿਆ ਹੈ। ਸੰਗੀਤ ਅਹਿਮਦ ਅਲੀ ਅਤੇ ਸ਼ਾਰੰਗ ਸਿਕੰਦਰ ਨੇ ਦਿੱਤਾ ਹੈ।

-ਜਿੰਦ ਜਵੰਦਾ। ਮੋ. 97795-91482



# ਸੁਹਾਵਣਾ ਮੌਸਮ

ਹਰਜੀਤ ਕੌਰ ਗਿੱਲ
harjitgill_77@yahoo.com



ਅਸਲ ਜ਼ਿੰਦਗੀ ਵਿੱਚ ਮੌਸਮਾਂ ਦਾ ਬਦਲਣਾ ਹੀ ਚੰਗਾ ਲੱਗਦਾ, ਰਿਸ਼ਤਿਆਂ ਦਾ ਨਹੀਂ। ਦਸੰਬਰ 2023 ਤੇ ਜਨਵਰੀ 2024 ਦੀ ਅੱਤ ਦੀ ਸਰਦੀ ਤੋਂ ਬਾਅਦ, ਹੁਣ ਜਦੋਂ ਸੂਰਜ ਦੇਵਤਾ ਦੀ ਆਮਦ ਹੋਈ ਏ, ਤਾਂ ਸਾਰਿਆਂ ਨੇ ਸੁੱਖ ਦਾ ਸਾਹ ਲਿਆ ਏ। ਸਾਰੇ ਲੋਕ ਹੀ ਪਿਆਰੀ ਤੇ ਕੌਸੀ-ਕੌਸੀ ਧੁੱਪ ਦਾ ਨਿੱਘ ਮਾਣ ਰਹੇ ਹਨ। ਬਸੰਤ ਰੁੱਤ ਦੀ ਆਮਦ ਹੋਣ ਵਾਲੀ ਏ। ਬੱਚੇ ਪਤੰਗਾ ਉੱਡਾ ਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਨ। ਕਣਕ ਦੇ ਖੇਤ ਲਹਿ-ਲਹਿਰਾ ਰਹੇ ਹਨ। ਖੇਤਾਂ ਵਿੱਚ ਸਰੋਂ ਦੇ ਪੀਲੇ ਫੁੱਲ ਅਤੇ ਘਰਾਂ ਤੇ ਵਿੱਚ ਗੁਲਦਾਊਦੀ, ਗੇਂਦੇ, ਗ਼ੁਲਾਬ ਆਦਿਕ ਫੁੱਲ ਆਪਣੀ ਅਦਭੁੱਤ ਸੁੰਦਰਤਾ ਕਾਰਨ ਹਰੇਕ ਨੂੰ ਆਪਣੇ ਵੱਲ ਖਿੱਚਦੇ ਹਨ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਕਿ ਕੁਦਰਤ ਆਪਣੇ ਭਰ ਜ਼ੋਬਨ ਤੇ ਹੈ। ਇਸ ਮੌਸਮ ਨੂੰ ਮਾਨਣ ਦਾ ਆਪਣਾ ਹੀ ਆਨੰਦ ਹੈ। ਸਰਦੀਆਂ ਰੁੱਤੇ ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਕਰਕੇ ਆਪਣੇ ਪ੍ਰਵਾਸੀ ਪੰਛੀ ਪੰਜਾਬ ਤੇ ਭਾਰਤ ਦੀਆਂ ਵੱਖ-ਵੱਖ ਝੀਲਾਂ ਅਤੇ ਦਰਿਆਵਾਂ ਤੇ ਅਠਖੇਲੀਆਂ ਕਰਦੇ ਨਜ਼ਰ ਆਉਂਦੇ ਹਨ। ਉਹਨਾਂ ਨੂੰ ਦੇਖਣ ਦਾ ਨਜ਼ਾਰਾ ਬਹੁਤ ਹੀ ਪਿਆਰਾ ਏ।

ਜ਼ਿੰਦਗੀ ਵਿੱਚ ਮੌਸਮਾਂ ਦਾ ਬਦਲਣਾ ਹਰ ਇੱਕ ਨੂੰ ਲੁਭਾਉਂਦਾ ਏ, ਪਰ ਰਿਸ਼ਤਿਆਂ ਦਾ ਬਦਲਣਾ ਨਹੀਂ। ਸਾਨੂੰ ਰਿਸ਼ਤਿਆਂ ਦਾ ਬਦਲਣਾ ਤਕਲੀਫ਼ ਦਿੰਦਾ ਏ। ਕਈ ਵਾਰੀ ਕੁਝ ਹਾਲਾਤ, ਸਮਾਂ ਜਾਂ ਗਲਤ ਫਹਿਮੀਆਂ ਕਰਕੇ ਵੀ ਰਿਸ਼ਤਿਆਂ ਵਿੱਚ ਕੁੜੱਤਣ ਭਰ ਜਾਂਦੀ ਹੈ। ਜੋ ਕਿ ਦਿਲ ਨੂੰ ਕਿਸੇ ਨਾ ਕਿਸੇ ਸਮੇਂ ਵਿੱਚ ਪ੍ਰੇਸ਼ਾਨ ਕਰਦੀ ਰਹਿੰਦੀ ਹੈ, ਅਸੀਂ ਚਾਹੇ ਆਪਣੇ ਆਪ ਨੂੰ ਕਿੰਨਾ ਵੀ ਮਜ਼ਬੂਤ ਦਿਖਾਉਣ ਦੀ ਕੋਸ਼ਿਸ਼ ਕਰੀਏ। ਆਪਣਿਆਂ ਵੱਲੋਂ ਦਿੱਤੇ ਜਖ਼ਮ, ਨਾਸੂਰ ਬਣ ਕੇ ਰਿਸਦੇ ਹੀ ਰਹਿੰਦੇ ਹਨ, ਚਾਹੇ ਅਸੀਂ ਉਹਨਾਂ ਉੱਪਰ ਮੱਲ੍ਹਮ ਲਗਾਉਣ ਦੀ ਲੱਖ ਕੋਸ਼ਿਸ਼ ਕਰੀਏ। ਅਜਿਹਾ ਸਮਾਂ ਸਾਨੂੰ ਪੱਤਝੜ ਵਰਗਾ ਉਦਾਸ ਤੇ ਗਮਗੀਨ ਲੱਗਦਾ ਹੈ। ਕਈ ਵਾਰ ਅੱਖਾਂ ਵਿੱਚੋਂ ਹੰਝੂ ਆਪ ਮੁਹਾਰੇ ਵਹਿ ਤੁਰਦੇ ਹਨ, ਰਾਤਾਂ ਨੂੰ ਨੀਂਦ ਨਹੀਂ ਆਉਂਦੀ। ਦਿਲ ਨੂੰ ਸਮਝਾਇਆ ਵੀ ਨਹੀਂ ਸਮਝਦਾ। ਅਜਿਹੇ ਆਲਮ ਵਿੱਚ ਤੁਹਾਨੂੰ ਪਿਆਰ ਕਰਨ ਵਾਲੇ ਆਪਣੇ ਨਿੱਘੇ ਸਾਥ ਤੇ ਪਿਆਰ ਨਾਲ, ਤੁਹਾਨੂੰ ਖੁਸ਼ ਰੱਖਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ।

ਸ਼ਾਲਾ ! ਇਹ ਬਸੰਤ ਅਤੇ ਬਹਾਰਾਂ ਦੇ ਮੌਸਮ ਤੁਹਾਡੇ ਸਾਰਿਆਂ ਦੀ ਜ਼ਿੰਦਗੀ ਵਿੱਚ ਖੁਸ਼ੀਆਂ ਖੇੜੇ ਲੈ ਕੇ ਆਵਣ। ਪੱਤਝੜਾਂ ਤੇ ਗ਼ਮਾਂ ਦੇ ਮੌਸਮਾਂ ਵਿੱਚ ਆਸਾਂ ਦੇ ਦੀਵੇ ਜਗਾ ਕੇ ਰੱਖਿਓ, ਇਹ ਤੁਹਾਡੀ ਜ਼ਿੰਦਗੀ ਨੂੰ ਰੌਸ਼ਨੀਆਂ ਤੇ ਮਹਿਕਾਂ ਨਾਲ ਰੁਸ਼ਨਾ ਦੇਣਗੇ।

ਫੁੱਲਾਂ ਦੀ ਤਰ੍ਹਾਂ ਖਿੜਨਾ ਸਿੱਖੋ
ਹਰ ਮੌਸਮ ਵਿੱਚ ਮਿਲਨਾ ਸਿੱਖੋ
ਪਿਆਰ ਦੀਆਂ ਬਰਸਾਤਾਂ ਹੋਵਣ
ਹਰ ਇੱਕ ਰੁੱਤ ਦੀਆਂ ਬਾਤਾਂ ਹੋਵਣ
ਇੱਕ ਦੂਜੇ ਦੀਆਂ ਬਾਹਵਾਂ ਬਨਣਾ
ਧੁੱਪਾਂ ਦੇ ਵਿੱਚ ਛਾਂਵਾਂ ਬਨਣਾ
ਪਿਆਰ ਤੇ ਨਿੱਘ ਦੇ ਨਾਲ ਹੀ
ਹਰ ਇੱਕ ਦੀ ਜ਼ਿੰਦਗੀ ਗੁਲਜ਼ਾਰ ਹੈ ਹੁੰਦੀ
ਮੋਹ ਭਿੱਜੇ ਰਿਸ਼ਤਿਆਂ ਵਿੱਚ
ਕਦੇ ਕਦੇ ਤਕਰਾਰ ਵੀ ਹੁੰਦੀ।



ਪੇਂਟਿੰਗ: ਉਮੰਗਦੀਪ ਕੌਰ ਪੁਰਬਾ




# ਬੱਚਿਓ ! ਬਸੰਤ ਮਨਾਓ ਪਰ ਖ਼ੂਨੀ ਡੋਰਾਂ ਵਾਲੀਆਂ ਪਤੰਗਾਂ ਨਾਲ ਨਹੀਂ - ਡਾ. ਅਮਨਦੀਪ ਕੌਰ ਅਰੋੜਾ



**ਮੋਗਾ/ ਭਵਨਦੀਪ ਸਿੰਘ**

ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮਾਧਿਅਮ ਰਾਹੀਂ ਬੱਚਿਆਂ ਨੂੰ ਅਪੀਲ ਕਰਦਿਆ ਕਿਹਾ ਹੈ ਕਿ ਬੱਚਿਓ ਪਤੰਗਾਂ ਉਡਾਓ ! ਬਸੰਤ ਮਨਾਓ, ਪਰ ਖ਼ੂਨੀ ਡੋਰਾਂ ਵਾਲੀਆਂ ਪਤੰਗਾਂ ਨਾਲ ਨਹੀਂ। ਉਨ੍ਹਾਂ ਨੇ ਬੱਚਿਆਂ ਨੂੰ ਕਿਹਾ ਹੈ ਕਿ ਕਿਤੇ ਤੁਹਾਡੀ ਮੌਜ ਮਸਤੀ ਕਿਸੇ ਪੰਛੀ ਦੀ ਮੌਤ ਦਾ ਕਾਰਨ ਨਾ ਬਣ ਜਾਵੇ।

ਡਾ. ਅਮਨਦੀਪ ਕੌਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਚਾਈਨਾ ਡੋਰ ਦਾ ਬਾਈਕਾਟ ਕਰਨਾ ਚਾਹੀਦਾ ਹੈ ਤਾਂ ਜੋ ਪੰਛੀਆਂ ਦੀਆਂ ਜਾਨਾਂ, ਬੱਚਿਆਂ ਅਤੇ ਰਾਹਗੀਰਾਂ ਦਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ। ਉਨ੍ਹਾਂ ਕਿਹਾ ਕਿ ਚਾਈਨਾ ਡੋਰ ਖਰੀਦਣ ਅਤੇ ਵੇਚਣ ਤੇ ਪੂਰਨ ਤੌਰ ਤੇ ਪਾਬੰਧੀ ਹੈ। ਜੇਕਰ ਕਿਤੇ ਕਿਸੇ ਨੂੰ ਪਤਾ ਲੱਗਦਾ ਹੈ ਤਾਂ ਚਾਈਨਾ ਡੋਰ ਵੇਚਣ ਵਾਲੇ ਦੁਕਾਨਦਾਰਾਂ ਸਬੰਧੀ ਪ੍ਰਸ਼ਾਸਨ ਨੂੰ ਇਤਲਾਹ ਦੇ ਕੇ ਆਪਣਾ ਫਰਜ਼ ਅਦਾ ਕਰਨਾ ਚਾਹੀਦਾ ਹੈ ਤਾਂ ਜੋ ਪੰਛੀਆਂ, ਬੱਚਿਆਂ ਅਤੇ ਰਾਹਗੀਰਾਂ ਦੀਆਂ ਕੀਮਤੀ ਜਾਨਾਂ ਨਾਲ ਖਿਲਵਾੜ ਨਾ ਹੋਵੇ।

# ਆਓ ਮਾਂ ਬੋਲੀ ਪ੍ਰਤੀ ਫ਼ਰਜ਼ ਨਿਭਾਈਏ !

ਕੌਮਾਂਤਰੀ ਮਾਂ ਬੋਲੀ ਦਿਵਸ ਦੇ ਸਬੰਧ ਵਿੱਚ ਪੰਜਾਬ ਸਰਕਾਰ ਵਲੋਂ ਮਾਂ ਬੋਲੀ ਪੰਜਾਬੀ ਨੂੰ ਸਰਕਾਰੀ ਦਫ਼ਤਰਾਂ ਵਿੱਚ ਲਾਗੂ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਸਾਹਿਤਕ ਜਥੇਬੰਦੀਆਂ ਵਲੋਂ ਵੀ ਪੰਜਾਬੀ ਮਾਂ ਬੋਲੀ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਜਾਰੀ ਹੈ। ਪਰ ਅਜੇ ਤੱਕ ਪੂਰੀ ਤਰਾਂ ਮਾਂ ਬੋਲੀ ਲਾਗੂ ਨਹੀਂ ਹੋ ਸਕੀ। ਮੁੱਢਲੇ ਰੂਪ ਵਿੱਚ ਵਸੇ ਪੰਜਾਬੀਆਂ ਦੀ ਬੋਲ ਚਾਲ ਦੀ ਬੋਲੀ ਦਾ ਮੁੱਢ ਨੌਂਵੀਂ ਸਦੀ ਵਿੱਚ ਬੱਝਿਆ ਦੱਸਿਆ ਜਾਂਦਾ ਹੈ, ਬਾਬਾ ਸ਼ੇਖ ਫ਼ਰੀਦ, ਗੁਰੂ ਨਾਨਕ ਦੇਵ ਜੀ, ਯੋਗੀਆਂ, ਮੁਛੰਦਰਾਂ ਵੇਲੇ ਦੀ ਇਹ ਬੋਲੀ ਨੇ ਜਿੱਥੇ ਬਹੁਤ ਤਰੱਕੀ ਕੀਤੀ ਹੈ। ਹੁਣ ਦੁਨੀਆਂ ਪੱਧਰ 'ਤੇ ਪੰਜਾਬੀ ਭਾਸ਼ਾ ਵਿੱਚ ਲਿਖੇ ਬੋਰਡ ਵੀ ਵੇਖਣ ਨੂੰ ਮਿਲਣ ਲੱਗੇ ਹਨ। ਵਿਦੇਸ਼ੀ ਲੋਕ ਪੰਜਾਬੀ ਅਪਣਾਉਣ ਲੱਗੇ ਹਨ। ਪਰ ਪੰਜਾਬੀ ਜ਼ਿਆਦਾ ਨਵੀਨ ਬਣਨ ਦੀ ਹੋੜ ਵਿੱਚ ਮੋਹ ਤੋੜ ਹੋ ਰਹੇ ਹਨ।

ਪਾਕਿਸਤਾਨ ਵਿੱਚ ਸੱਠ ਫੀਸਦੀ ਲੋਕ ਪੰਜਾਬੀ ਬੋਲਦੇ ਹਨ ਜਦਕਿ ਭਾਰਤ ਵਿੱਚ ਸਿਰਫ ਪੌਣੇ ਚਾਰ ਫੀਸਦੀ ਲੋਕ ਪੰਜਾਬੀ ਬੋਲਦੇ ਹਨ। ਪੰਜਾਬੀ ਭਾਸ਼ਾ ਨੂੰ ਦੇਸ਼ ਵਿੱਚ ਹੀ ਖੋਰਾ ਲਗਾਉਣ ਦੀਆਂ ਮੰਗਾਂ ਮਾੜੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਪੰਜਾਬ ਦੇ ਸ਼ਹਿਰ ਹੀ ਨਹੀਂ ਪਿੰਡਾਂ ਵਿੱਚ ਸਾਡੇ ਦੇਸੀ ਲੋਕ ਵੀ ਆਪਣੇ ਬੱਚਿਆਂ ਨਾਲ ਅੰਗਰੇਜ਼ੀ ਨੂੰ ਮੂੰਹ ਮਾਰ ਰਹੇ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਜਾਬੀ ਭਾਸ਼ਾ ਅਤੇ ਬੋਲੀ ਦਾ ਸਭ ਤੋਂ ਵੱਡਾ ਸਰੋਤ ਹੈ। ਜਿਸ ਕਾਰਨ ਬੋਲੀ ਸਦੀਵੀ ਰਹੇਗੀ। ਪੰਜਾਬੀ ਗਾਇਕੀ ਦਾ ਪੰਜਾਬੀ ਬੋਲੀ ਨੂੰ ਕੌਮੀ ਪੱਧਰ ਤੇ ਪ੍ਰਸਿੱਧ ਕਰਨ ਵਿੱਚ ਬਹੁਤ ਯੋਗਦਾਨ ਹੈ। ਗੈਰ ਪੰਜਾਬੀ ਲੋਕ ਵੀ ਪੰਜਾਬੀ ਗੀਤਾਂ ਦਾ ਅਨੰਦ ਲੈ ਰਹੇ ਹਨ। ਸਾਹਿਤਕਾਰ, ਰੰਗ ਕਰਮੀਆਂ ਦਾ ਵੀ ਵਿਲੱਖਣ ਯੋਗਦਾਨ ਹੈ। ਦੁਨੀਆਂ ਵਿੱਚ ਸੱਤ ਹਜਾਰ ਤੋਂ ਜ਼ਿਆਦਾ ਭਾਸ਼ਾ ਤੇ ਬੋਲੀਆਂ ਹਨ। ਜਿਨ੍ਹਾਂ ਵਿਚੋਂ ਕੁੱਝ ਬੋਲੀਆਂ ਭਾਸ਼ਾਵਾਂ ਅਲੋਪ ਹੋਣ ਜਾ ਰਹੀਆਂ ਹਨ। ਆਉਣ ਵਾਲੇ ਦਸ ਸਾਲਾਂ ਤੱਕ ਪੰਜਾਬੀ ਮਾਂ ਬੋਲੀ ਵੀ ਉਹਨਾਂ ਵਿੱਚ ਸ਼ੁਮਾਰ ਹੋ ਸਕਦੀ ਹੈ। ਦੁਨੀਆਂ ਦੀ ਚੌਦਵੀਂ ਭਾਸ਼ਾ ਹੈ ਪੰਜਾਬੀ। ਇਸ ਦਾ ਪਿਛਲੇ ਕਦਮ ਮੁੜਨਾ ਪੰਜਾਬੀ ਮਾਂ ਬੋਲੀ ਤੇ ਭਾਸ਼ਾ ਦੇ ਪ੍ਰਸ਼ੰਸਕਾਂ ਲਈ ਫ਼ਿਕਰ ਦਾ ਮੁੱਦਾ ਹੈ।

ਮਾਂ ਬੋਲੀ ਨੂੰ ਬਚਾਉਣ ਵਿੱਚ ਸਰਕਾਰਾਂ ਦੀ ਬਹੁਤ ਵੱਡੀ ਭੂਮਿਕਾ ਹੈ। ਜੋਕਿ ਸਾਰਥਿਕਤਾ ਨਾਲ ਨਹੀਂ ਨਿਭਾਈ ਗਈ। ਪੁਲੀਸ, ਕਚਿਹਰੀ, ਮਾਲ ਵਿਭਾਗ ਵਿੱਚ ਅਜੇ ਵੀ ਫ਼ਾਰਸੀ, ਉਰਦੂ ਦੇ ਸ਼ਬਦ ਆਦਿ ਉਪਯੋਗ ਹੁੰਦੇ ਹਨ। ਕਿਸੇ ਵੀ ਭਾਸ਼ਾ ਦਾ ਗਿਆਨ ਨਹੀਂ ਬੁਰਾ ਪਰ ਮਾਂ ਨੂੰ ਛੱਡ ਕੇ ਮਾਸੀ ਨੂੰ ਗਲ ਲਾਉਣਾ ਧ੍ਰੋਹ ਹੈ। ਬੇਸ਼ਕ ਪੰਜ ਪੰਜ ਐਮ ਕਰੋ। ਸਾਨੂੰ ਜੋ ਵੀ ਰੁਤਬਾ ਸਥਾਨ ਮਿਲਿਆ ਹੈ ਉਹ ਪੰਜਾਬੀ ਭਾਸ਼ਾ ਅਤੇ ਬੋਲੀ ਦੇ ਕਰਕੇ ਹੀ ਹੈ। ਸਾਡਾ ਵਿਰਸਾ ਸਭਿਆਚਾਰ ਬਹੁਤ ਅਮੀਰ ਹੈ। ਬਹੁਤ ਮਾਣ ਕਰਨ ਯੋਗ ਹੈ। ਹੋਰ ਕਿਤੇ ਵੀ ਐਨੀ ਅਮੀਰੀ ਨਹੀਂ ਹੈ। ਸਤਿਕਾਰਤ ਬਾਹੂ, ਬੁੱਲ੍ਹਾ, ਵਾਰਸ, ਬਾਬਾ ਨਜ਼ਮੀ, ਸ਼ਿਵ, ਪ੍ਰੋ. ਮੋਹਨ ਸਿੰਘ ਵਰਗੇ ਮਹਾਨ ਕਲਮਕਾਰ ਸਾਡਾ ਸਰਮਾਇਆ ਹਨ। ਅਜੇ ਵੀ ਪਾਕਿਸਤਾਨ ਵਿੱਚ ਸਾਡੇ ਤੋਂ ਜ਼ਿਆਦਾ ਪੰਜਾਬੀ ਬੋਲੀ ਨੂੰ ਬੋਲਿਆ ਜਾ ਰਿਹਾ ਹੈ। ਬਾਬਾ ਨਜ਼ਮੀ ਦੀ ਠੇਠ ਪੰਜਾਬੀ ਕਿਸ ਦਾ ਦਿਲ ਨਹੀਂ ਟੁੰਬਦੀ। ਅਸੀ ਛੋਟੇ ਬੱਚਿਆਂ ਨਾਲ ਵੀ ਅੰਗਰੇਜ਼ ਬਣਨ ਦੀ ਕੋਸ਼ਿਸ਼ ਕਰਦੇ ਹਾਂ। ਸਾਡੇ ਲੋਕ ਆਪ ਵੀ ਅੰਗਰੇਜੀ ਬੋਲ ਕੇ ਖੁਦ ਨੂੰ ਵੱਡਾ ਤੇ ਖਾਸ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਨਿੱਜੀ ਸਕੂਲ ਵੀ ਪੰਜਾਬੀ ਵਿੱਚ ਬੋਲਚਾਲ ਦੀ ਬਜਾਏ ਅੰਗਰੇਜੀ ਹਿੰਦੀ ਨੂੰ ਤਰਜੀਹ ਦਿੰਦੇ ਹਨ। ਸ਼ਹਿਰੀ ਲੋਕ ਘਰਾਂ ਵਿੱਚ ਹਿੰਦੀ, ਅੰਗਰੇਜ਼ੀ ਦੇ ਸ਼ਬਦ ਬੋਲ ਦੇ ਹਨ। ਸਾਡੇ ਦੇਸੀ ਲੋਕ ਵੀ ਬੱਚਿਆਂ ਨੂੰ ਅੰਗਰੇਜ਼ ਬਣਾਉਣ ਦੀ ਹੋੜ ਵਿੱਚ ਪੰਜਾਬੀ ਨਾਲ ਧ੍ਰੋਹ ਕਮਾ ਰਹੇ ਹਨ ਜਦਕਿ ਮਾਤ ਭਾਸ਼ਾ ਵਿੱਚ ਪ੍ਰਵੀਨ ਹੋ ਕੇ ਹੋਰ ਬੋਲੀਆਂ 'ਚ ਸੌਖੀ ਮੁਹਾਰਤ ਮਿਲ ਸਕਦੀ ਹੈ। ਮਾਂ ਬੋਲੀ ਬੋਲਣ ਵਾਲਾ ਗਵਾਰਾ ਨਹੀਂ ਹੁੰਦਾ ਸਗੋਂ ਉਹ ਵੱਡਾ ਹੁੰਦਾ ਹੈ।

ਸਰਕਾਰ ਨੂੰ ਚਾਹੀਦਾ ਹੈ ਆਪਣੇ ਵਾਅਦਿਆਂ ਨੂੰ ਅਮਲੀ ਜਾਮਾ ਪਹਿਨਾਵੇ। ਪੰਜਾਬੀ ਭਾਸ਼ਾ ਵਿਚ ਤਖਤੀਆਂ, ਦਿਸ਼ਾ ਬੋਰਡ ਲਗਾਉਣੇ ਯਕੀਨੀ ਬਣਾਏ ਜਾਣ। ਸਰਕਾਰੀ ਦਫ਼ਤਰਾਂ ਵਿੱਚ ਚਿੱਠੀ ਪੱਤਰ ਵੀ ਪੰਜਾਬੀ ਵਿਚ ਹੋਵੇ। ਪੰਜਾਬੀ ਮਾਂ ਬੋਲੀ ਦੇ ਪ੍ਰਸੰਸਕ ਪੈਰੋਕਾਰ ਵੀ ਮਾਂ ਬੋਲੀ ਪ੍ਰਤੀ ਆਪਣੇ ਫ਼ਰਜ਼ ਨਿਭਾਉਣ। ਗਲੀ ਮੁਹੱਲੇ, ਘਰਾਂ, ਦੁਕਾਨ, ਬਜ਼ਾਰ ਦੇ ਬੋਰਡ ਪੰਜਾਬੀ ਵਿਚ ਹੋਣ। ਪੰਜਾਬੀ ਮਾਂ ਬੋਲੀ ਦੇ ਸਪੁੱਤਰ ਹੋਣ ਦੇ ਫ਼ਰਜ਼ ਅਦਾ ਕਰਦਿਆਂ ਘਰਾਂ ਵਿਚ ਅਤੇ ਪਿੰਡਾਂ ਵਿਚ ਅਖ਼ਬਾਰ ਪੁਸਤਕਾਂ ਲਾਜ਼ਮੀਂ ਹੋਣ। ਸਾਡੇ ਮੂੰਹ 'ਚੋਂ ਆਪੇ ਨਿਕਲੇ, ਸਾਨੂੰ ਮਾਣ ਪੰਜਾਬੀ ਹੋਣ ਤੇ !

-ਰਾਜਵਿੰਦਰ ਰੌਂਤਾ, ਮੋਗਾ 98764-86187

ਕਹਾਣੀ

# ਪਿਆਰ ਦੀ ਭੁੱਖ

ਭਵਨਦੀਪ ਸਿੰਘ ਪੁਰਬਾ

ਬਿੰਟੂ ਕਾਲਜ ਵਿੱਚ ਪਹਿਲੇ ਦਿਨ ਹੀ ਗਿਆ ਸੀ। ਉਸ ਦਿਨ ਹੀ ਗੇਟ ਵਿੱਚ ਵੜਦੇ ਸਾਰ ਇੱਕ ਤੇਜ਼ੀ ਨਾਲ ਆ ਰਹੀ ਕੁੜੀ ਨਾਲ ਉਸਦੀ ਟੱਕਰ ਹੋ ਗਈ। ਦੋਨੋਂ ਡਿਗ ਪਏ। ਉਸ ਕੁੜੀ ਨੂੰ ਦੇਖਦੇ ਸਾਰ ਬਿੰਟੂ ਦੇ ਮਨ ਵਿੱਚ ਕਈ ਤਰਾਂ ਦੇ ਵਿਚਾਰ ਪੈਦਾ ਹੋ ਗਏ। ਦੋਨੋਂ ਖੜ੍ਹੇ ਹੋ ਕੇ ਆਪੋ ਆਪਣੇ ਰਸਤੇ ਤੁਰ ਪਏ। ਬਿੰਟੂ ਕਾਲਜ ਜਾਣ ਲੱਗ ਪਿਆ। ਕੁਝ ਦਿਨ ਬਾਅਦ ਉਨ੍ਹਾਂ ਦੀਆਂ ਕਲਾਸਾਂ ਸ਼ੁਰੂ ਹੋ ਗਈਆਂ। ਜਦ ਬਿੰਟੂ ਦੀ ਹਿੰਦੀ ਵਾਲੀ ਮੈਡਮ ਉਸ ਦਾ ਪੀਰਡ ਲਗਾਉਣ ਆਈ ਤਾਂ ਉਸ ਨੂੰ ਦੇਖ ਕੇ ਬਿੰਟੂ ਹੈਰਾਨ ਰਹਿ ਗਿਆ। ਕਿਉਂਕਿ ਜਿਹੜੀ ਕੁੜੀ ਬਿੰਟੂ ਨਾਲ ਟਕਰਾਈ ਸੀ। ਉਹ ਇਹ ਮੈਡਮ ਹੀ ਸੀ।

ਮੈਡਮ ਹਰ ਰੋਜ਼ ਬਿੰਟੂ ਦੀ ਕਲਾਸ ਦਾ ਪੀਰਡ ਲਗਾਉਣ ਵਾਸਤੇ ਆਉਂਦੀ। ਬਿੰਟੂ ਮੈਡਮ ਦੀ ਹਰ ਗੱਲ ਮੰਨਦਾ। ਉਸਦਾ ਪਿਆਰ ਪਾਉਣ ਵਾਸਤੇ ਬਿੰਟੂ ਚੰਗੀ ਪੜ੍ਹਾਈ ਕਰਦਾ। ਕਾਲਜ ਦੇ ਹਰ ਕੰਮ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦਾ। ਇਸ ਕਰਕੇ ਮੈਡਮ ਵੀ ਬਿੰਟੂ ਨੂੰ ਪਿਆਰ ਕਰਨ ਲੱਗ ਪਈ। ਮੈਡਮ ਦੀਆਂ ਨਜ਼ਰਾਂ ਵਿੱਚ ਉਹਨਾਂ ਦਾ ਇਹ ਵਿਦਿਆਰਥੀ ਅਤੇ ਟੀਚਰ ਦਾ ਪਿਆਰ ਸੀ। ਪਰ ਬਿੰਟੂ ਦੀਆਂ ਨਜ਼ਰਾਂ ਵਿੱਚ ਇਹ ਸੋਲਵੇਂ ਸਾਲ ਵਾਲਾ ਪਿਆਰ ਸੀ। ਇਸੇ ਤਰ੍ਹਾਂ ਬਿੰਟੂ ਮੈਡਮ ਕੋਲ ਹਰ ਰੋਜ਼ ਆਪਣੇ ਆਪ ਨੂੰ ਸੋਹਣਾ ਬਣਾ ਕੇ ਪੇਸ਼ ਕਰਦਾ। ਇਸੇ ਤਰ੍ਹਾਂ ਕੁਝ ਮਹੀਨੇ ਲੰਘੇ ਫਿਰ ਕਾਲਜ ਵਿੱਚ ਛੁੱਟੀਆਂ ਹੋ ਗਈਆਂ।

ਛੁੱਟੀਆਂ ਤੋਂ ਵਾਪਿਸ ਆ ਕੇ ਮੈਡਮ ਨੇ ਹਰ ਵਿਦਿਆਰਥੀ ਤੋਂ ਪੁਛਿਆ ਕਿ ਉਨ੍ਹਾਂ ਦੀਆਂ ਛੁੱਟੀਆਂ ਕਿਵੇਂ ਬੀਤੀਆਂ। ਜਦ ਬਿੰਟੂ ਦੀ ਵਾਰੀ ਆਈ ਤਾਂ ਬਿੰਟੂ ਨੇ ਕਿਹਾ, "ਮੈਡਮ ਮੇਰਾ ਤਾਂ ਛੁੱਟੀਆਂ ਵਿੱਚ ਬਿਲਕੁਲ ਦਿਲ ਨਹੀਂ ਲੱਗਿਆ।" ਮੈਡਮ ਨੇ ਪੁੱਛਿਆ,"ਕਿਉਂ?" ਤਾਂ ਬਿੰਟੂ ਨੇ ਕਿਹਾ, "ਕਿਉਂਕਿ ਤੁਸੀਂ ਮੇਰੇ ਕੋਲ ਨਹੀਂ ਸੀ ਹੁੰਦੇ।" ਮੈਡਮ ਉਸ ਦਾ ਜਵਾਬ ਸੁਣ ਕੇ ਹੱਸ ਪਈ। ਮੈਡਮ ਦੇ ਦਿਮਾਗ ਵਿੱਚ ਫਿਰ ਵੀ ਕੋਈ ਗਲਤ ਗੱਲ ਨਹੀਂ ਸੀ। ਬਿੰਟੂ ਨੇ ਸੋਚਿਆ ਕਿ ਮੈਡਮ ਮੇਰੀ ਗੱਲ ਸੁਣ ਕੇ ਹੱਸ ਪਏ। ਇਸ ਦਾ ਮਤਲਬ ਉਹ ਵੀ ਮੈਨੂੰ ਪਿਆਰ ਕਰਦੇ ਹਨ। ਉਹ ਮੇਰੇ ਨਾਲ ਗੱਲ ਕਰਨਗੇ। ਬਿੰਟੂ ਮੈਡਮ ਦੇ ਪਿਆਰ ਵਿੱਚ ਪੂਰੀ ਤਰ੍ਹਾਂ ਪਾਗਲ ਹੋਇਆ ਪਿਆ ਸੀ। ਉਹ ਮੈਡਮ ਨੂੰ ਆਪਣੇ ਦਿਲ ਦੀ ਗੱਲ ਦੱਸ ਦੇਣੀ ਚਾਹੁੰਦਾ ਸੀ। ਪਰ ਆਪਣੇ ਪਿਆਰ ਦਾ ਇਜ਼ਹਾਰ ਕਰਨ ਦਾ ਉਸ ਵਿੱਚ ਹੌਂਸਲਾ ਨਹੀਂ ਸੀ ਪੈਂਦਾ।

ਕੁਝ ਦਿਨਾਂ ਬਾਅਦ ਇੱਕ ਦਿਨ ਮੈਡਮ ਕਲਾਸ ਵਿੱਚ ਆਏ ਤਾਂ ਉਹ ਬਹੁਤ ਹੀ ਖੁਸ਼ ਨਜ਼ਰ ਆ ਰਹੇ ਸਨ। ਮੈਡਮ ਨੇ ਪੀਰਡ ਲਗਾਉਣ ਤੋਂ ਬਾਅਦ ਕਿਹਾ, "ਬਿੰਟੂ ਤੂੰ ਛੁੱਟੀ ਤੋਂ ਬਾਅਦ ਸਟਾਫ਼ ਰੂਮ ਵਿੱਚ ਮੈਨੂੰ ਮਿਲ ਕੇ ਜਾਈਂ।" ਬਿੰਟੂ ਦੇ ਦਿਲ ਵਿੱਚ ਕਈ ਤਰ੍ਹਾਂ ਦੇ ਸਵਾਲ ਉਠੇ ਕਿ ਮੈਡਮ ਨੇ ਪਤਾ ਨਹੀਂ ਕਿਉਂ ਬੁਲਾਇਆ ਹੈ ਬਿੰਟੂ ਨੇ ਸੋਚਿਆ ਕਿ ਮੈਡਮ ਦਾ ਮੂਡ ਤਾਂ ਬਹੁਤ ਵਧੀਆ ਹੈ। ਸ਼ਾਇਦ............। ਜੇ ਮੈਡਮ ਨੇ ਕੁਝ ਅਜਿਹਾ ਨਾ ਕਿਹਾ ਤਾਂ ਮੈਂ ਹੀ ਅੱਜ ਆਪਣੇ ਪਿਆਰ ਦਾ ਇਜ਼ਹਾਰ ਕਰ ਦੇਵਾਂਗਾ। ਛੁੱਟੀ ਤੋਂ ਬਾਅਦ ਬਿੰਟੂ ਸਟਾਫ ਰੂਮ ਚਲਾ ਗਿਆ। ਮੈਡਮ ਵੀ ਸਟਾਫ ਰੂਮ ਵਿੱਚ ਹੀ ਸੀ। ਮੈਡਮ ਨੇ ਬਿਟੂ ਨੂੰ ਕਿਹਾ, "ਬਿੰਟੂ ਤੂੰ ਮੇਰਾ ਵਿਦਿਆਰਥੀ ਹੀ ਨਹੀਂ, ਇੱਕ ਚੰਗਾ ਦੋਸਤ ਵੀ ਏਂ। ਇਸ ਲਈ ਮੈਂ ਤੈਨੂੰ ਇਹ ਦੱਸਣ ਲੱਗੀ ਹਾਂ ਕਿ ਮੈਂ ਇਹ ਕਾਲਜ ਛੱਡ ਰਹੀ ਹਾਂ। ਕਿਉਂਕਿ ਅਗਲੇ ਐਤਵਾਰ ਨੂੰ ਮੇਰਾ ਵਿਆਹ ਹੋ ਜਾਣਾ ਹੈ।" ਮੈਡਮ ਨੇ ਬਿੰਟੂ ਨੂੰ ਕਾਰਡ ਫੜਾਉਂਦੇ ਹੋਏ ਕਿਹਾ, "ਤੂੰ ਜ਼ਰੂਰ ਆਵੀਂ।" ਬਿੰਟੂ ਬਿਨਾਂ ਕੋਈ ਜਵਾਬ ਦਿੱਤੇ ਉਥੋਂ ਚਲਾ ਗਿਆ। ਮੈਡਮ ਤੋਂ ਬਿਨਾਂ ਬਿੰਟੂ ਨੂੰ ਕਾਲਜ ਸੁੰਨਾ-ਸੁੰਨਾ ਲੱਗਣ ਲੱਗ ਪਿਆ। ਇਸ ਲਈ ਉਹ ਵੀ ਕਾਲਜ ਛੱਡ ਕੇ ਚਲਾ ਗਿਆ।

ਕਾਲਜ ਛੱਡਣ ਤੋਂ ਬਾਅਦ ਬਿੰਟੂ ਨੂੰ ਅਖ਼ਬਾਰ ਵਾਲੀ ਪ੍ਰੈਸ ਵਿੱਚ ਨੌਕਰੀ ਮਿਲ ਗਈ। ਪ੍ਰੈਸ ਵਿੱਚ ਬਿੰਟੂ ਦੀ ਮੁਲਾਕਾਤ ਇੱਕ ਇੰਦੂ ਨਾਮ ਦੀ ਕੁੜੀ ਨਾਲ ਹੋਈ। ਇੰਦੂ ਦਾ ਸਾਜਣ ਉਸ ਨੂੰ ਛੱਡ ਕੇ ਬਾਹਰ ਚਲਾ ਗਿਆ ਸੀ। ਬਾਹਰ ਜਾ ਕੇ ਉਸ ਨੇ ਕੋਈ ਖਤ-ਪੱਤਰ ਵੀ ਨਹੀਂ ਸੀ ਲਿਖਿਆ। ਇਸ ਕਾਰਨ ਇੰਦੂ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦੀ ਸੀ। ਉਸ ਨੂੰ ਕਿਸੇ ਸੱਚੇ ਸਾਥੀ ਦੀ ਜ਼ਰੂਰਤ ਸੀ। ਬਿੰਟੂ ਨੂੰ ਦੇਖ ਕੇ ਇੰਦੂ ਦੇ ਦਿਲ ਵਿੱਚ ਖੁਸੀਂ ਦੇ ਫੁੱਲ ਖਿੜਨ ਲੱਗੇ। ਇੰਦੂ ਬਿੰਟੂ ਦੇ ਨੇੜੇ ਹੋਣ ਲੱਗੀ। ਇਸ ਤਰ੍ਹਾਂ ਬਿੰਟੂ ਵੀ ਇੰਦੂ ਵੱਲ ਖਿੱਚਿਆ ਗਿਆ। ਬਿੰਟੂ ਦੇ ਮਨ ਵਿੱਚ ਮੈਡਮ ਦੀ ਯਾਦ ਦਿਨੋਂ-ਦਿਨ ਖਤਮ ਹੋਣ ਲੱਗ ਪਈ। ਕੁਝ ਸਮੇਂ ਵਿੱਚ ਹੀ ਬਿੰਟੂ ਮੈਡਮ ਨੂੰ ਪੂਰੀ ਤਰ੍ਹਾਂ ਭੁੱਲ ਕੇ ਇੰਦੂ ਦਾ ਹੋ ਗਿਆ। ਇੰਦੂ ਨੇ ਆਪਣੇ ਪਿਆਰ ਦਾ ਇਜ਼ਹਾਰ ਬਿੰਟੂ ਕੋਲ ਕਰ ਦਿੱਤਾ। ਦੋਵੇਂ ਖੁਸ਼ ਸਨ। ਬਿੰਟੂ ਦੀਆਂ ਸਧਰਾਂ ਦੇ ਫੁੱਲ ਖਿੜਨ ਹੀ ਲੱਗੇ ਸਨ ਕਿ ਇੰਦੂ ਨੂੰ ਆਪਣੇ ਪੁਰਾਣੇ ਸੱਜਣ ਦਾ ਖਤ ਆਇਆ ਕਿ ਉਹ ਵਾਪਸ ਆ ਰਿਹਾ ਹੈ। ਇੰਦੂ ਨੇ ਬਿੰਟੂ ਨੂੰ ਸਾਰਾ ਕੁੱਝ ਦੱਸ ਦਿੱਤਾ ਤੇ ਕਿਹਾ, "ਬਿੰਟੂ ਤੂੰ ਮੇਰੀ ਖੁਸ਼ੀ ਦੀ ਖਾਤਿਰ ਇਥੋਂ ਚਲਾ ਜਾ। ਮੈਨੂੰ ਬੜੀ ਮੁਸ਼ਕਿਲ ਨਾਲ ਮੇਰਾ ਪਿਆਰ ਵਾਪਸ ਮਿਲ ਰਿਹਾ ਹੈ। ਮੈਂ ਇਸ ਨੂੰ ਛੱਡਨਾ ਨਹੀਂ ਚਾਹੁੰਦੀ।" ਇਹ ਸੁਣ ਕੇ ਬਿੰਟੂ ਦਾ ਦਿਲ ਬਹੁਤ ਦੁਖੀ ਹੋਇਆ। ਬਿੰਟੂ ਇੰਦੂ ਦੀ ਖਾਤਿਰ ਉਹ ਸ਼ਹਿਰ ਛੱਡ ਕੇ ਚਲਾ ਗਿਆ।

ਬਿੰਟੂ ਪਹਾੜਾਂ ਵਿੱਚ ਚਲਾ ਗਿਆ। ਉਥੇ ਉਸ ਨੇ ਨਿੱਕੀ ਜਿਹੀ ਝੌਂਪੜੀ ਪਾ ਲਈ। ਝੌਂਪੜੀ ਵਿੱਚ ਬੈਠਾ ਉਹ ਸਾਰਾ ਦਿਨ ਪੇਂਟਿੰਗ ਕਰਦਾ ਰਹਿੰਦਾ। ਉਸ ਦੀਆਂ ਬਣਾਈਆਂ ਪੇਂਟਿੰਗ ਉਥੇ ਆਉਣ ਵਾਲੇ ਸੈਲਾਨੀਆਂ ਨੂੰ ਬਹੁਤ ਪ੍ਰਭਾਵਤ ਕਰਦੀਆਂ। ਜਿਸ ਕਾਰਨ ਉਸ ਦੀਆਂ ਪੇਂਟਿੰਗ ਚੰਗੇ ਰੇਟਾਂ ਵਿੱਚ ਵਿੱਕ ਜਾਂਦੀਆਂ। ਇਸੇ ਤਰ੍ਹਾਂ ਉਸ ਦੇ ਕਈ ਸਾਲ ਬੀਤ ਗਏ। ਹੁਣ ਉਸ ਦੀ ਉਮਰ ਵੀ ਕਾਫੀ ਹੋ ਚੁੱਕੀ ਸੀ।

ਇੱਕ ਦਿਨ ਬਿੰਟੂ ਸ਼ਾਮ ਵੇਲੇ ਪਹਾੜਾਂ ਵਿੱਚ ਸੈਰ ਕਰਨ ਜਾ ਰਿਹਾ ਸੀ। ਰਸਤੇ ਵਿੱਚ ਇੱਕ ਦਰੱਖਤ ਦੇ ਹੇਠ ਬੈਠੀ ਇੱਕ ਬਹੁਤ ਹੀ ਖੂਬਸੂਰਤ 20-25 ਸਾਲ ਦੀ ਲੜਕੀ ਰੋ ਰਹੀ ਸੀ। ਬਿੰਟੂ ਨੇ ਉਸ ਤੋਂ ਰੋਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਦਾ ਨਾਮ ਰੇਣੂ ਹੈ। ਉਸ ਦੀ ਮਤਰੇਈ ਮਾਂ ਉਸ ਨੂੰ ਬਹੁਤ ਤੰਗ ਕਰਦੀ ਸੀ। ਇਸ ਲਈ ਉਹ ਆਪਣਾ ਘਰ ਛੱਡ ਕੇ ਆ ਗਈ ਹੈ। ਬਿੰਟੂ ਉਸ ਨੂੰ ਆਪਣੇ ਘਰ ਲੈ ਗਿਆ। ਉਹ ਬਿੰਟੂ ਕੋਲ ਰਹਿਣ ਲੱਗ ਪਈ। ਰੇਣੂ ਬਿੰਟੂ ਨਾਲ ਘਰ ਦੇ ਕੰਮ ਕਾਰ ਵਿੱਚ ਹੱਥ ਵਟਾਉਂਦੀ। ਕੁਝ ਕੁ ਸਮੇਂ ਵਿੱਚ ਹੀ ਬਿੰਟੂ ਤੇ ਰੇਣੂ ਇੱਕ ਦੂਜੇ ਦੇ ਬਹੁਤ ਨੇੜੇ ਆ ਗਏ। ਉਹ ਆਪਣੇ ਸੁਖ-ਦੁਖ ਇੱਕ-ਦੂਜੇ ਨਾਲ ਫੋਲਣ ਲੱਗ ਪਏ। ਰੇਣੂ ਨੇ ਬਿੰਟੂ ਨੂੰ ਦੱਸਿਆ ਕਿ ਉਹ ਡਾਕਟਰ ਬਨਣਾ ਚਾਹੁੰਦੀ ਸੀ। ਹੌਲੀ-ਹੌਲੀ ਰੇਣੂ ਬਿੰਟੂ ਨੂੰ ਪਿਆਰ ਕਰਨ ਲੱਗ ਪਈ। ਰੇਣੂ ਨੇ ਬਿੰਟੂ ਨੂੰ ਕਿਹਾ ਕਿ ਮੈਂ ਤੇਰੇ ਨਾਲ ਵਿਆਹ ਕਰਵਾਉਣ ਚਾਹੁੰਦੀ ਹਾਂ। ਬਿੰਟੂ ਨੂੰ ਇਸ ਤਰ੍ਹਾਂ ਜਾਪਿਆ ਕਿ ਇਸ ਉਮਰ ਵਿੱਚ ਖੁਸ਼ੀਆਂ ਨੇ ਉਸ ਦੇ ਬੂਹੇ ਤੇ ਦਸਤਕ ਦਿੱਤੀ ਹੈ।

ਅਗਲੇ ਦਿਨ ਹੀ ਰੇਣੂ ਇੱਕ ਦਮ ਬਹੁਤ ਜ਼ਿਆਦਾ ਬਿਮਾਰ ਹੋ ਗਈ। ਬਿੰਟੂ ਉਸ ਨੂੰ ਹਸਪਤਾਲ ਲੈ ਗਿਆ। ਹਸਪਤਾਲ ਵਿੱਚ ਬਿੰਟੂ ਨੇ ਉਸ ਦੀ ਦਿਨ ਰਾਤ ਇੱਕ ਕਰਕੇ ਸੇਵਾ ਕੀਤੀ। ਬਹੁਤ ਜਲਦੀ ਰੇਣੂ ਠੀਕ ਹੋ ਗਈ। ਜਦ ਡਾਕਟਰ ਰੇਣੂ ਨੂੰ ਛੁੱਟੀ ਦੇਣ ਆਇਆ ਤਾਂ ਰੇਣੂ ਨੇ ਡਾਕਟਰ ਤੋਂ ਪੁੱਛਿਆ, "ਡਾਕਟਰ ਸਾਹਿਬ ਮੈਂ ਵੀ ਡਾਕਟਰ ਬਨਣਾ ਚਾਹੁੰਦੇ ਹਾਂ।" ਡਾਕਟਰ ਨੇ ਰੇਣੂ ਦੇ ਚਿਹਰੇ ਵੱਲ ਦੇਖਿਆ। ਰੇਣੂ ਦੇ ਚਿਹਰੇ ਤੇ ਲਾਲੀ ਡੁਲ-ਡੁਲ ਪੈਂਦੀ ਸੀ। ਇੰਨ੍ਹੀ ਸੋਹਣ ਸੁਨੱਖੀ ਕੁੜੀ ਦੇਖ ਕੇ ਡਾਕਟਰ ਦੇ ਦਿਮਾਗ ਵਿੱਚ ਉਸ ਨੂੰ ਆਪਣੀ ਨੂੰਹ ਬਣਾਉਣ ਦਾ ਖਿਆਲ ਆ ਗਿਆ। ਡਾਕਟਰ ਨੇ ਰੇਣੂ ਨੂੰ ਕਿਹਾ, "ਡਾਕਟਰ ਤਾਂ ਮੈਂ ਤੈਨੂੰ ਬਣਾ ਦੇਵਾਂਗਾ, ਪਰ ਇਸ ਵਾਸਤੇ ਤੈਨੂੰ ਮੇਰੀ ਇੱਕ ਸ਼ਰਤ ਮੰਨਣੀ ਪਵੇਗੀ। ਰੇਣੂ ਨੇ ਕਿਹਾ, "ਕਿਉਂ ਨਹੀਂ ਡਾਕਟਰ ਸਾਹਿਬ, ਮੈਂ ਤੁਹਾਡੀ ਹਰ ਸ਼ਰਤ ਮੰਨਾਂਗੀ।"

ਡਾਕਟਰ, "ਤੈਨੂੰ ਮੇਰੀ ਬੇਟੀ ਬੰਨ੍ਹਣਾ ਪਵੇਗਾ।" ਰੇਣੂ ਇਹ ਸੁਣਕੇ ਮੁਸਕਰਾ ਪਈ। ਨਾਲ ਹੀ ਡਾਕਟਰ ਨੇ ਕਿਹਾ, "ਮੈਂ ਆਪਣੇ ਲੜਕੇ ਨਾਲ ਤੇਰਾ ਵਿਆਹ ਕਰਨਾ ਚਾਹੁੰਦਾ ਹਾਂ। ਸਾਨੂੰ ਤੇਰੇ ਵਰਗੀ ਸੋਹਣੀ ਸੁਨੱਖੀ ਅਤੇ ਸਮਝਦਾਰ ਨੂੰਹ ਦੀ ਜ਼ਰੂਰਤ ਹੈ। ਇਹ ਸੁਣ ਕੇ ਰੇਣੂ ਇੱਕ ਦਮ ਉਦਾਸ ਹੋ ਗਈ। ਬਿੰਟੂ ਵੀ ਇਹ ਸੁਣ ਕੇ ਸੋਚਾਂ ਵਿੱਚ ਪੈ ਗਿਆ। ਛੁੱਟੀ ਮਿਲਣ ਤੇ ਉਹ ਆਪਣੇ ਘਰ ਚਲੇ ਗਏ। ਰੇਣੂ ਸਾਰੀ ਰਾਤ ਡਾਕਟਰ ਦੀ ਕਹੀ ਗੱਲ ਸੋਚਦੀ ਰਹੀ। ਬਿੰਟੂ ਨੂੰ ਵੀ ਸਾਰੀ ਰਾਤ ਨੀਂਦ ਨਹੀਂ ਆਈ। ਸਵੇਰੇ ਉੱਠ ਕੇ ਰੇਣੂ ਬਿੰਟੂ ਨੂੰ ਕਹਿਣ ਲੱਗੀ, "ਬਿੰਟੂ ਜੀ ਮੈਂ ਤੁਹਾਡਾ ਬੜਾ ਸਤਿਕਾਰ ਕਰਦੀ ਹਾਂ, ਮੈਂ ਤੁਹਾਡੀ ਬੜੀ ਅਹਿਸਾਨਮੰਦ ਹਾਂ, ਤੁਸੀਂ ਮੈਨੂੰ ਸਹਾਰਾ ਦਿੱਤਾ, ਜੇ ਤੁਸੀਂ ਨਾ ਹੁੰਦੇ ਤਾਂ ਪਤਾ ਨਹੀਂ ਮੈਂ............। ਪਰ ਆਪਾਂ ਸਾਰੀ ਉਮਰ ਤਾਂ ਇਸ ਤਰ੍ਹਾਂ ਨਹੀਂ ਰਹਿ ਸਕਦੇ। ਸਾਨੂੰ ਡਾਕਟਰ ਸਾਹਿਬ ਦੀ ਮੰਨ ਲੈਣੀ ਚਾਹੀਦੀ ਹੈ।"


ਬਿੰਟੂ ਕੁਝ ਨਹੀਂ ਬੋਲਿਆ। ਰੇਣੂ ਦੀ ਗੱਲ ਸੁਨਣ ਸਾਰ ਬਿੰਟੂ ਬੇਹੋਸ਼ ਹੋ ਕੇ ਡਿੱਗ ਪਿਆ। ਨੇੜੇ-ਤੇੜੇ ਕੁਝ ਕੁ ਲੋਕ ਉਸ ਨੂੰ ਚੁੱਕ ਕੇ ਹਸਪਤਾਲ ਲੈ ਗਏ। ਹਸਪਤਾਲ ਪਹੁੰਚਣ ਤੱਕ ਬਿੰਟੂ ਮਰ ਚੁੱਕਾ ਸੀ। ਬਿੰਟੂ ਦੇ ਪਿਆਰ ਦੀ ਭੁੱਖ ਉਸ ਦੇ ਦਿਲ ਵਿੱਚ ਹੀ ਰਹਿ ਗਈ। ਉਸ ਨੂੰ ਕਿਸੇ ਦਾ ਵੀ ਪਿਆਰ ਨਸੀਬ ਨਹੀਂ ਹੋਇਆ।






# ਬੱਚਿਓ ਆਓ ਜਾਣੀਏ ਪੇਪਰਾਂ ਵੇਲੇ ਆਪਣੇ ਆਪ ਨੂੰ ਕਿਵੇਂ ਕਰੀਏ ਤਿਆਰ

- ਗਗਨਦੀਪ ਕੌਰ ਧਾਲੀਵਾਲ (ਝਲੂਰ) ਬਰਨਾਲਾ



ਬੱਚਿਓ ਜਿਵੇਂ ਹੀ ਫ਼ਰਵਰੀ ਮਹੀਨੇ ਦਾ ਅੰਤ ਹੁੰਦਾ ਤਾਂ ਮਾਰਚ ਦਾ ਮਹੀਨਾ ਸ਼ੁਰੂ ਹੁੰਦਿਆਂ ਹੀ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਲੱਗਦੀਆਂ ਹਨ। ਇਹ ਪ੍ਰੀਖਿਆਵਾਂ ਸਕੂਲ ਪੱਧਰ ਤੋਂ ਲੈ ਕੇ ਲਗਪਗ ਉੱਚ ਪੱਧਰ ਦੇ ਕੋਰਸ ਤੱਕ ਹੁੰਦੀਆਂ ਹਨ ਭਾਵ ਮਾਰਚ ਤੋਂ ਲੈ ਕੇ ਇਹ ਪ੍ਰੀਖਿਆਵਾਂ ਮਈ ਤੱਕ ਚਲਦੀਆਂ ਹਨ। ਇਹ ਪ੍ਰੀਖਿਆਵਾਂ ਬੱਚਿਆਂ ਦੀ ਪੂਰੇ ਸਾਲ ਦੀ ਮਿਹਨਤ ਦੇ ਫਲ ਦਾ ਨਤੀਜਾ ਹੁੰਦੀਆਂ ਹਨ। ਪੇਪਰਾਂ ਦਾ ਨਾਮ ਸੁਣ ਕੇ ਹੀ ਬਹੁਤ ਸਾਰੇ ਵਿਦਿਆਰਥੀਆਂ ਨੂੰ ਡਰ ਲੱਗਣ ਲੱਗ ਜਾਂਦਾ ਹੈ। ਤਨਾਅ ਵਿੱਚ ਆ ਜਾਦੇ ਹਨ ਜਿਵੇਂ ਕੋਈ ਆਫਤ ਆਉਣ ਵਾਲੀ ਹੋਵੇ। ਚਿੰਤਾ ਵਿੱਚ ਡੁੱਬ ਜਾਂਦੇ ਹਨ। ਨਾਲ ਹੀ ਮਾਪਿਆ ਨੂੰ ਚਿੰਤਾ ਵਿੱਚ ਪਾ ਦਿੰਦੇ ਹਨ। ਪਰ ਜ਼ਿਆਦਾ ਚਿੰਤਾ ਨਾਲ ਜੋ ਆਉਂਦਾ ਹੁੰਦਾ ਹੈ ਉਹ ਵੀ ਭੁੱਲ ਜਾਂਦੇ ਹਨ। ਕਈ ਬੱਚੇ ਸਾਰਾ ਸਾਲ ਨਹੀਂ ਪੜ੍ਹਦੇ ਫਿਰ ਪੇਪਰ ਆਉਣ 'ਤੇ ਟਿਊਸ਼ਨਾਂ ਸ਼ੁਰੂ ਕਰ ਦਿੰਦੇ ਹਨ ਜਿਸ ਤਰ੍ਹਾਂ ਉਹਨਾਂ ਦੇ ਦਿਮਾਗ 'ਤੇ ਹੋਰ ਵੀ ਜ਼ਿਆਦਾ ਬੋਝ ਪੈ ਜਾਂਦਾ ਹੈ ਕਿਉਂਕਿ ਏਨਾ ਜ਼ਿਆਦਾ ਕੰਮ ਬਹੁਤ ਥੋੜ੍ਹੇ ਸਮੇਂ ਵਿੱਚ ਪੂਰਾ ਕਰਨਾ ਔਖਾ ਹੋ ਜਾਂਦਾ ਹੈ। ਅਜਿਹੇ ਵਿਦਿਆਰਥੀ ਫਿਰ ਪੇਪਰਾਂ ਸਮੇਂ ਨੀਂਦ ਨਾ ਆਉਣ ਵਾਲੇ ਕਈ ਤਰ੍ਹਾਂ ਦੇ ਸਾਧਨ ਵਰਤਦੇ ਹਨ।

ਬੱਚਿਓ ਜੇਕਰ ਸਮੇਂ ਦੀ ਸਹੀ ਵਰਤੋਂ ਕਰਕੇ ਸਹੀ ਸਮਾਂ ਸਾਰਣੀ ਬਣਾਈ ਜਾਵੇ ਤਾਂ ਫਿਰ ਪੇਪਰਾਂ ਦੇ ਸਮੇਂ ਇਹੋ ਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਪੇਪਰਾਂ ਦੀ ਤਿਆਰੀ ਕਰਨ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ :

* ਸਭ ਤੋਂ ਪਹਿਲਾ ਬੱਚਿਓ ਸਿਲੇਬਸ ਨੂੰ ਚੰਗੀ ਤਰ੍ਹਾਂ ਪੜ੍ਹਨਾ ਚਾਹੀਦਾ ਹੈ ਸਾਰੇ ਪਾਠ ਚੰਗੀ ਤਰ੍ਹਾਂ ਦੇਖਣੇ ਚਾਹੀਦੇ ਹਨ ਤਾਂ ਜੋ ਪੇਪਰਾਂ ਦੇ ਸਮੇਂ ਤੁਹਾਨੂੰ ਕੁੱਝ ਵੀ ਲੱਭਣ ਵਿੱਚ ਪਰੇਸ਼ਾਨੀ ਨਾ ਆਵੇ।

* ਵਿਸ਼ਿਆਂ ਅਨੁਸਾਰ ਸਮਾਂ-ਸਾਰਣੀ ਤਿਆਰ ਕਰਨੀ ਚਾਹੀਦੀ ਹੈ ਸਾਰੇ ਵਿਸ਼ਿਆਂ ਨੂੰ ਇੱਕ ਸਮਾਨ ਸਮਾਂ ਦੇ ਦੇ ਕੇ ਵਿਸ਼ਿਆ ਦੀ ਵੰਡ ਕਰਨੀ ਚਾਹੀਦੀ ਹੈ। ਜੋ ਵਿਸ਼ਾ ਔਖਾ ਲੱਗਦਾ ਹੈ ਉਸਨੂੰ ਥੋੜਾ ਜਾ ਜਿਆਦਾ ਸਮਾਂ ਦਿੱਤਾ ਜਾਣਾ ਚਾਹੀਦਾ ਹੈ ਜਾਂ ਫਿਰ ਔਖੇ ਵਿਸ਼ੇ ਨੂੰ ਸਵੇਰ ਦੇ ਸਮੇਂ ਪੜ੍ਹਿਆ ਜਾਵੇ। ਸਵੇਰ ਸਮੇਂ ਦਿਮਾਗ ਚੁਸਤ ਤੇ ਤਾਜ਼ਾ ਹੁੰਦਾ ਹੈ।

* ਜੇਕਰ ਤੁਹਾਨੂੰ ਕੋਈ ਵਿਸ਼ਾ ਔਖਾ ਲੱਗਦਾ ਹੈ ਜਾਂ ਕੋਈ ਪ੍ਰਸ਼ਨ ਯਾਦ ਨਹੀਂ ਹੁੰਦਾ ਤਾਂ ਤੁਸੀਂ ਉਸ ਵਿਸ਼ੇ ਨੂੰ ਆਪਣਾ ਮਨ-ਪਸੰਦ ਵਿਸ਼ਾ ਚੁਣ ਲਵੋ। ਹਰ ਰੋਜ਼ ਥੋੜ੍ਹਾ-ਥੋੜ੍ਹਾ ਕਰਕੇ ਪੜਨਾ ਸ਼ੁਰੂ ਕਰੋ ਅਗਰ ਕਈ ਔਖੇ ਸ਼ਬਦ ਯਾਦ ਨਹੀਂ ਹੁੰਦੇ ਤਾਂ ਉਹਨਾਂ ਨੂੰ ਕਿਸੇ ਸਕੈਚ ਜਾਂ ਰੰਗ ਵਾਲੀ ਪੈਨਸਿਲ ਨਾਲ ਰੰਗਦਾਰ ਕਰੋ ਜਾਂ ਉਸਦੇ ਹੇਠਾਂ ਲਕੀਰਾਂ ਲਾ ਦੇਵੋ। ਜਦੋਂ ਵੀ ਤੁਸੀਂ ਕਿਤਾਬ ਖੋਲੋਗੇ ਉਹ ਤੁਹਾਡੀਆਂ ਅੱਖਾਂ ਸਾਹਮਣੇ ਆਉਣਗੇ। ਤੁਸੀ ਥੋੜ੍ਹੇ ਸਮੇਂ ਬਾਅਦ ਹੀ ਦੇਖੋਗੇ ਕਿ ਜੋ ਸ਼ਬਦ ਤੁਹਾਡੇ ਯਾਦ ਨਹੀਂ ਹੁੰਦੇ ਸਨ ਉਹ ਤੁਹਾਡੀਆਂ ਉਂਗਲਾਂ 'ਤੇ ਹੋਣਗੇ।

* ਔਖੇ ਵਿਸ਼ਿਆਂ ਦੀ ਤਿਆਰੀ ਬੱਚਿਆਂ ਨੂੰ ਲਿਖ ਕੇ ਕਰਨੀ ਚਾਹੀਦੀ ਹੈ ਕਈ ਵਾਰ ਬੱਚਿਆਂ ਨੂੰ ਵਾਰ-ਵਾਰ ਪੜ੍ਹਨ ਨਾਲ ਵੀ ਕੁੱਝ ਯਾਦ ਨਹੀਂ ਹੁੰਦਾ ਤਾਂ ਅਜਿਹੇ ਬੱਚਿਆ ਨੂੰ ਲਿਖ ਕੇ ਯਾਦ ਕਰਨਾ ਚਾਹੀਦਾ ਹੈ ਤਾਂ ਜੋ ਜਲਦੀ ਯਾਦ ਹੋ ਸਕੇ।

* ਪੇਪਰਾਂ ਵੇਲੇ ਪੜ੍ਹਾਈ ਕਰਨ ਤੋਂ ਪਹਿਲਾ ਆਪਣੇ ਆਪ ਨੂੰ ਤਿਆਰ ਕਰੋ ਭਾਵ ਇੱਕ ਚੰਗਾ ਨਾਸ਼ਤਾ ਖਾਓ, ਕੁੱਝ ਨੀਂਦ ਲਵੋਂ, ਤੁਹਾਡੇ ਕੋਲ ਪਹਿਲਾਂ ਤੋਂ ਲੋੜੀਂਦੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ। ਆਪਣੇ ਆਪ ਨੂੰ ਤਣਾਅ ਮੁਕਤ ਕਰੋ।

* ਕਿਤਾਬਾਂ ਨੂੰ ਅੱਖਾਂ ਤੋਂ ਕੁੱਝ ਦੂਰੀ 'ਤੇ ਰੱਖ ਕੇ ਪੜੋ ਤਾਂ ਜੋ ਅੱਖਾਂ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਪੇਪਰਾਂ ਵਿੱਚ ਅੱਖਾਂ ਦਰਦ ਨਾ ਕਰਨ।

* ਪੇਪਰਾਂ ਦੇ ਸਮੇਂ ਤੁਹਾਡਾ ਧਿਆਨ ਅਤੇ ਮਨ ਸਿਰਫ਼ ਪੜ੍ਹਾਈ ਵੱਲ ਹੋਣਾ ਚਾਹੀਦਾ ਹੈ। ਘਰ ਵਿੱਚ ਕੀ ਹੋ ਰਿਹਾ, ਕੌਣ ਕਿੱਥੇ ਜਾ ਰਿਹਾ ਹੈ, ਟੀ.ਵੀ. ਵਿੱਚ ਕੀ ਚੱਲ ਰਿਹਾ ਹੈ ਇਸ ਵਿੱਚ ਤੁਹਾਡਾ ਧਿਆਨ ਨਹੀਂ ਹੋਣਾ ਚਾਹੀਦਾ।

* ਬੱਚਿਆਂ ਦੀ ਪੜ੍ਹਾਈ ਪ੍ਰਤੀ ਮਾਪਿਆਂ ਦਾ ਧਿਆਨ ਵੀ ਹੋਣਾ ਚਾਹੀਦਾ ਹੈ। ਉਹ ਬੱਚਿਆਂ 'ਤੇ ਜ਼ਿਆਦਾ ਬੋਝ ਨਾ ਪਾਉਣ। ਜਿੱਥੇ ਬੱਚਾ ਪੜ੍ਹ ਰਿਹਾ ਉਸ ਜਗ੍ਹਾ ਤੇ ਬੱਚੇ ਦੇ ਖਾਣ-ਪੀਣ ਦਾ ਧਿਆਨ ਰੱਖਿਆ ਜਾਵੇ।

* ਪੇਪਰ ਤੋਂ ਕੁੱਝ ਦਿਨ ਪਹਿਲਾ ਤੁਹਾਨੂੰ ਆਪਣੇ ਅਧਿਆਪਕਾਂ ਨਾਲ ਰਾਬਤਾ ਕਾਇਮ ਕਰਨਾ ਚਾਹੀਦਾ ਹੈ। ਉਹ ਸੰਕਲਪਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।

* ਅਧਿਆਪਕ ਨੂੰ ਵੀ ਚਾਹੀਦਾ ਹੈ ਕਿ ਬੱਚਿਆ ਦੀ ਪੜ੍ਹਾਈ ਦਾ ਮੁਲਾਂਕਣ ਚੰਗੀ ਤਰ੍ਹਾਂ ਕੀਤਾ ਜਾਵੇ। ਉਹਨਾਂ ਨੂੰ ਚੰਗੇ ਨੰਬਰ ਲੈਣ ਲਈ ਪ੍ਰੇਰਿਤ ਕੀਤਾ ਜਾਵੇ।

* ਲੋੜ ਤੋਂ ਜ਼ਿਆਦਾ ਸਮਾਂ ਵੀ ਪੜ੍ਹਨ ਲਈ ਨਹੀਂ ਬੈਠਣਾ ਚਾਹੀਦਾ। ਭਾਵ ਹਰ ਸਮੇਂ ਕਿਤਾਬੀ ਕੀੜਾ ਨਹੀਂ ਬਣਨਾ ਚਾਹੀਦਾ। ਇਸ ਦੇ ਨਾਲ ਮਨ ਦੀ ਇਕਾਗਰਤਾ ਭੰਗ ਹੁੰਦੀ ਹੈ ਅਤੇ ਸਰੀਰ ਵੀ ਥਕਾਵਟ ਮਹਿਸੂਸ ਕਰਦਾ ਹੈ। ਇਸ ਲਈ ਥੋੜੇ ਸਮੇਂ ਲਈ ਇੱਧਰ-ਉੱਧਰ ਘੁੰਮਣਾ ਚਾਹੀਦਾ ਹੈ।

* ਬੈੱਡ ਜਾਂ ਮੰਜੇ 'ਤੇ ਬੈਠ ਕੇ ਜਾ ਲੇਟ ਕੇ ਨਹੀਂ ਪੜ੍ਹਨਾ ਚਾਹੀਦਾ। ਸਗੋਂ ਮੇਜ਼ ਜਾਂ ਕੁਰਸੀ 'ਤੇ ਸਹੀ ਤਰੀਕੇ ਨਾਲ ਬੈਠ ਕੇ ਪੜ੍ਹਨਾ ਚਾਹੀਦਾ ਹੈ।

* ਪੜ੍ਹਾਈ ਦੇ ਨਾਲ-ਨਾਲ ਕੁੱਝ ਸਮਾਂ ਵਿਚਕਾਰ ਦੀ ਖੇਡਣਾ ਵੀ ਚਾਹੀਦਾ ਹੈ ਇਸ ਨਾਲ ਬੱਚੇ ਦਾ ਮਨ ਤਾਜ਼ਾ ਹੋ ਜਾਂਦਾ ਹੈ ਤੇ ਸਰੀਰ ਦੇ ਸਾਰੇ ਪੱਖਾਂ ਦਾ ਵਿਕਾਸ ਵੀ ਹੁੰਦਾ ਹੈ।

* ਬੱਚਿਓ ਸਿਲੇਬਸ ਪੇਪਰ ਤੋਂ ਪਹਿਲਾ ਪੂਰਾ ਕਰਨਾ ਚਾਹੀਦਾ ਹੈ ਤਾਂ ਜੋ ਜਿਸ ਸਮੇਂ ਪੇਪਰ ਹੋਣ ਉਸ ਦਿਨ ਜੋ ਸਿਲੇਬਸ ਪਹਿਲਾ ਪੜ੍ਹਿਆ ਹੋਵੇ ਉਸਦੀ ਹੀ ਦੁਹਰਾਈ ਕੀਤੀ ਜਾ ਸਕੇ। ਕਈ ਵਾਰ ਦੇਖਣ ਵਿੱਚ ਆਇਆ ਹੈ ਕਿ ਕੁੱਝ ਬੱਚੇ ਪੇਪਰ ਤੋਂ ਕੁਝ ਮਿੰਟ ਪਹਿਲਾਂ ਵੀ ਪੜ੍ਹਦੇ ਰਹਿੰਦੇ ਹਨ ਅਜਿਹਾ ਕਰਨ ਨਾਲ ਜੋ ਪਹਿਲਾਂ ਯਾਦ ਕੀਤਾ ਹੁੰਦਾ ਹੈ ਉਹ ਵੀ ਭੁੱਲ ਸਕਦੇ ਹਨ।

* ਬੱਚਿਓ ਕਦੇ ਵੀ ਕਿਸੇ ਪ੍ਰਸ਼ਨ ਨੂੰ ਰੱਟਾ ਨਾ ਲਾਵੋ। ਅਕਸਰ ਪਹਿਲਾਂ ਪੜ੍ਹਿਆ ਹੋਇਆ, ਕੀਤੀ ਹੋਈ ਦੁਹਰਾਈ ਹੀ ਕੰਮ ਆਉਂਦੀ ਹੈ। ਦੇਖਣ ਵਿੱਚ ਆਇਆ ਹੈ ਕਿ ਜੋ ਬੱਚੇ ਰੱਟਾ ਲਾਉਂਦੇ ਹਨ ਫਿਰ ਜਲਦੀ ਹੀ ਭੁੱਲ ਜਾਂਦੇ ਹਨ।

* ਬੱਚਿਓ ਪੇਪਰਾਂ ਸਮੇਂ ਮੋਬਾਇਲ, ਟੀ.ਵੀ. ਨੂੰ ਆਪਣੇ ਤੋਂ ਦੂਰ ਰੱਖੋ ਕਿਉਂਕਿ ਇਸ ਨਾਲ ਪੜ੍ਹਾਈ ਤੋਂ ਧਿਆਨ ਭਟਕ ਜਾਂਦਾ ਹੈ।

* ਪੇਪਰ ਦੇਣ ਜਾਂਦੇ ਸਮੇਂ ਕਿਤਾਬਾਂ ਕਦੇ ਵੀ ਨਾਲ ਨਾ ਚੁੱਕੋ, ਸਗੋਂ ਘਰ ਹੀ ਰੱਖ ਕੇ ਜਾਓ।

* ਸਮੇਂ ਸਿਰ ਪ੍ਰੀਖਿਆ ਕੇਂਦਰ ਵਿੱਚ ਜਾਓ ਤਾਂ ਜੋ ਪੇਪਰ ਤੋਂ ਪਹਿਲਾ ਅਰਾਮ ਨਾਲ ਆਪਣਾ ਰੋਲ ਨੰਬਰ ਚੈੱਕ ਕਰ ਸਕੋ ਅਤੇ ਬਿਲਕੁਲ ਸ਼ਾਂਤ ਮਨ ਨਾਲ ਬੈਠ ਕੇ ਆਪਣੇ ਆਪ ਨੂੰ ਚੰਗਾ ਮਹਿਸੂਸ ਕਰ ਸਕੋ।

* ਹਮੇਸ਼ਾ ਪੇਪਰ ਦੇਣ ਜਾਣ ਤੋਂ ਪਹਿਲਾ ਸਵੇਰ ਦਾ ਖਾਣਾ ਖਾ ਕੇ ਜਾਵੋ ਅਤੇ ਹਮੇਸ਼ਾ ਪੂਰੇ ਆਤਮ ਵਿਸ਼ਵਾਸ ਨਾਲ ਭਰਪੂਰ ਹੋ ਕੇ ਜਾਓ।

* ਜ਼ਰੂਰਤਮੰਦ ਵਸਤਾਂ ਹਮੇਸ਼ਾ ਪਹਿਲਾ ਹੀ ਤਿਆਰ ਕਰਕੇ ਰੱਖੋ ਤਾਂ ਜੋ ਪੇਪਰ ਸਮੇਂ ਚੁੱਕਣ ਵਿੱਚ ਅਸਾਨੀ ਹੋਵੇ ਜਿਵੇਂ ਕਿ ਰੋਲ ਨੰਬਰ, ਪੇਪਰ ਬੋਰਡ, ਪੈੱਨ, ਪਾਣੀ ਆਦਿ।

* ਪੇਪਰ ਤੋਂ ਪਹਿਲਾ ਤੁਹਾਨੂੰ ਕੀ ਨਹੀਂ ਆਉਂਦਾ, ਪੇਪਰ ਕਿਹੋ ਜਿਹੋ ਹੋਵੇਗਾ, ਇਹ ਨਾ ਸੋਚੋ ! ਸਗੋਂ ਇਹ ਯਾਦ ਰੱਖੋ ਕਿ ਤੁਹਾਨੂੰ ਕੀ ਆਉਂਦਾ ਹੈ। ਪੇਪਰ ਕਰਨ ਤੋਂ ਬਾਅਦ ਅਗਲੇ ਪੇਪਰ ਵੱਲ ਧਿਆਨ ਕੇਂਦਰਤ ਕਰੋ।

ਇਸ ਤਰ੍ਹਾਂ ਬੱਚਿਓ ਉੱਪਰ ਦਿੱਤੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਤੁਸੀਂ ਚੰਗੀ ਤਰ੍ਹਾਂ ਆਪਣੇ ਪੇਪਰਾਂ ਦੀ ਤਿਆਰੀ ਕਰ ਸਕਦੇ ਹੋ ਤੇ ਵਧੀਆਂ ਨੰਬਰ ਲੈ ਕੇ ਪਾਸ ਹੋ ਸਕਦੇ ਹੋ।

# ਤਸਵੀਰਾਂ ਬੋਲਦੀਆਂ



'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਨੂੰ ਲੋਪੋ ਵਿਖੇ 'ਧੀਆਂ ਦੀ ਲੋਹੜੀ' ਪ੍ਰੋਗਰਾਮ ਵਿੱਚ ਹਾਜ਼ਰ ਹੋਣ ਤੇ ਉਨ੍ਹਾਂ ਦਾ ਸਨਮਾਨ ਕਰਦੇ ਹੋਏ ਸੁਆਮੀ ਜਗਰਾਜ ਸਿੰਘ ਜੀ ਲੋਪੋ, ਚੇਅਰਮੈਨ ਜਗਜੀਤ ਸਿੰਘ ਸਿੱਧੂ ਅਤੇ ਹੋਰ ਸੇਵਾਦਾਰ।

ਫੋਟੋ ਤੇ ਵੇਰਵਾ : ਮਨਮੋਹਨ ਸਿੰਘ ਚੀਮਾ



ਰੂਰਲ ਡਿਵੈਲਪਮੈਂਟ ਫਾਊਂਡੇਸ਼ਨ ਵੱਲੋਂ ਊਸ਼ਾ ਇੰਟਰਨੈਸ਼ਨਲ ਲਿਮਟਿਡ ਅਤੇ ਸਿਡਬੀ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਸਿਲਾਈ ਸੈਂਟਰ ਦੇ ਸਰਟੀਫਿਕੇਟ, ਮਸ਼ੀਨਾਂ ਅਤੇ ਮਟੀਰੀਅਲ ਵੰਡ ਸਮਾਗਮ ਮੌਕੇ ਪਹੁੰਚੇ ਮੈਡਮ ਮਾਲਵਿਕਾ ਸੂਦ ਸਿਖਿਆਰਥਣਾਂ ਅਤੇ ਪ੍ਰਬੰਧਕਾਂ ਦੇ ਨਾਲ।

ਫੋਟੋ ਤੇ ਵੇਰਵਾ : ਕਰਮਜੀਤ ਸਿੰਘ ਘੋਲੀਆ




ਫੁੱਟਬਾਲ ਦੇ ਹੋਣਹਾਰ ਖਿਡਾਰੀ ਗੁਰਕੀਰਤ ਸਿੰਘ ਬੇਦੀ (ਗੁਰੀ) ਨੂੰ ਬੈਸਟ ਪਲੇਅਰ ਵਜੋਂ ਇਨਾਮ ਵਿੱਚ ਮੋਟਰਸਾਈਕਲ ਮਿਲਣ ਅਤੇ ਮੋਗਾ ਸ਼ਹਿਰ ਦਾ ਨਾਮ ਰੋਸ਼ਨ ਕਰਨ ਤੇ ਸਨਮਾਨਿਤ ਕਰਦੇ ਹੋਏ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਮੋਗਾ ਅਤੇ ਰੂਰਲ ਐਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਜ਼ਿਲ੍ਹਾ ਮੋਗਾ ਦੇ ਅਹੁਦੇਦਾਰ।

ਫੋਟੋ ਤੇ ਵੇਰਵਾ : 'ਮਹਿਕ ਵਤਨ ਦੀ ਲਾਈਵ' ਬਿਓਰੋ



ਸ. ਰਾਮ ਸਿੰਘ ਜਾਨੀਆ ਅਤੇ ਕੁਲਵਿੰਦਰ ਸਿੰਘ ਰਾਮੂੰਵਾਲਾ ਵੱਲੋਂ ਰੂਰਲ ਐਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਨੂੰ ਦਸ-ਦਸ ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦੇਣ ਸਮੇਂ ਐਨ.ਜੀ.ਓ. ਦੇ ਅਹੁਦੇਦਾਰ।

ਫੋਟੋ ਤੇ ਵੇਰਵਾ : 'ਮਹਿਕ ਵਤਨ ਦੀ ਲਾਈਵ' ਬਿਓਰੋ



## ਜਨਮ ਦਿਨ ਮੁਬਾਰਕ !

# ਗੁਰਅਜੀਜ ਕੌਰ ਬਰਾੜ

**ਜਨਮ ਤਾਰੀਖ : 08-02-2022**

ਸ਼ੁਭ ਇੱਛਾਵਾ ਸਹਿਤ

ਪਿਤਾ : ਪਰਮਪਾਲ ਸਿੰਘ ਬਰਾੜ

ਮਾਤਾ : ਰਾਜਿੰਦਰ ਕੌਰ

ਦਾਦੀ : ਨਰਜੀਤ ਕੌਰ ਬਰਾੜ

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮੋਗਾ ਦੀ ਮੈਨੇਜਮੈਂਟ ਤਬਦੀਲ

## ਗੋਕਲ ਚੰਦ ਬੁੱਘੀਪੁਰਾ ਟਰੱਸਟ ਦੇ ਨਵੇਂ ਪ੍ਰਧਾਨ ਨਿਯੁਕਤ



**ਮੋਗਾ/ ਮਵਦੀਲਾ ਬਿਓਰੋ**

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਮੋਗਾ ਦੀ ਮੈਨੇਜਮੈਂਟ ਵਿੱਚ ਕੁੱਝ ਅਹਿਮ ਤਬਦੀਲੀਆ ਕਰਦੇ ਹੋਏ ਸ਼੍ਰੀ ਗੋਕਲ ਚੰਦ ਬੁੱਘੀਪੁਰਾ ਨੂੰ ਟਰੱਸਟ ਦੇ ਨਵੇਂ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਡਾਇਰੈਕਟਰ ਡਾ. ਐਸ.ਪੀ. ਸਿੰਘ ਓਬਾਰਾਏ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਟਰੱਸਟ ਦੀ ਮੋਗਾ ਇਕਾਈ ਦੀ ਮੈਨੇਜਮੈਂਟ ਵਿੱਚ ਕੁੱਝ ਅਹਿਮ ਤਬਦੀਲੀਆ ਕੀਤੀਆਂ ਗਈਆਂ ਸਨ। ਜਿਸ ਸਬੰਧੀ ਮਤਾ ਪਟਿਆਲਾ ਮੁੱਖ ਦਫਤਰ ਭੇਜਿਆ ਗਿਆ ਸੀ। ਉਸ ਸਬੰਧੀ ਟਰੱਸਟ ਦੇ ਮੁੱਖ ਦਫਤਰ ਵਿਚੋਂ ਆਈ ਮਨਜ਼ੂਰੀ ਅਨੁਸਾਰ ਸਾਰੀ ਮੈਨੇਜਮੈਂਟ ਤਬਦੀਲ ਕਰ ਦਿੱਤੀ ਗਈ ਹੈ। ਜਿਸ ਅਨੁਸਾਰ ਸ਼੍ਰੀ ਗੋਕਲ ਚੰਦ ਬੁੱਘੀਪੁਰਾ ਨੂੰ ਨਵੇਂ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਟਰੱਸਟ ਦੀ ਮੋਗਾ ਇਕਾਈ ਵਿੱਚ ਹਰਜਿੰਦਰ ਸਿੰਘ ਚੁਗਾਵਾਂ ਪਹਿਲਾ ਦੀ ਤਰ੍ਹਾਂ ਚੇਅਰਮੈਨ ਅਤੇ ਸ. ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ) ਪਹਿਲਾ ਦੀ ਤਰ੍ਹਾਂ ਜ਼ਿਲ੍ਹਾ ਪ੍ਰੈਸ ਸਕੱਤਰ ਦੇ ਅਹੁਦੇ ਤੇ ਰਹਿਣਗੇ।

ਨਵੇਂ ਅਹੁਦੇਦਾਰਾ ਵਿੱਚ ਗੋਕਲਚੰਦ ਟੰਡਨ ਬੁੱਘੀਪੁਰਾ ਨੂੰ ਪ੍ਰਧਾਨ, ਗੁਰਬਚਨ ਸਿੰਘ ਗਗੜਾ ਅਤੇ ਸੁਖਦੇਵ ਸਿੰਘ ਬਰਾੜ ਨੂੰ ਸ੍ਰਪਰਸਤ, ਰਣਜੀਤ ਸਿੰਘ ਧਾਲੀਵਾਲ ਨੂੰ ਮੀਤ ਪ੍ਰਧਾਨ, ਅਵਤਾਰ ਸਿੰਘ ਘੋਲੀਆ ਨੂੰ ਜਰਨਲ ਸਕੱਤਰ, ਜਗਤਾਰ ਸਿੰਘ ਜਾਨੀਆ ਨੂੰ ਖਜ਼ਾਨਚੀ ਅਤੇ ਹਰਭਿੰਦਰ ਸਿੰਘ ਜਾਨੀਆ, ਦਵਿੰਦਰਜੀਤ ਸਿੰਘ ਗਿੱਲ, ਗੁਰਸੇਵਕ ਸਿੰਘ ਸੰਨਿਆਸੀ, ਮੈਡਮ ਨਰਜੀਤ ਕੌਰ ਬਰਾੜ, ਕਰਮਜੀਤ ਕੌਰ ਘੋਲੀਆ, ਦਰਸ਼ਨ ਸਿੰਘ ਲੋਪੋ, ਇਕਬਾਲ ਸਿੰਘ ਖੋਸਾ ਤੋਂ ਇਲਾਵਾ ਦੋ ਨਵੇਂ ਟਰੱਸਟੀ ਰਾਮ ਸਿੰਘ ਜਾਨੀਆ ਤੇ ਕੁਲਵਿੰਦਰ ਸਿੰਘ ਰਾਮੂੰਵਾਲਾ ਨੂੰ ਐਗਜਿਕਟਿਵ ਮੈਂਬਰ ਲਿਆ ਗਿਆ ਹੈ।

# ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਵੱਲੋਂ ਕੋਟ-ਈਸੇ-ਖਾਂ ਵਿਖੇ ਲੈਬ ਦਾ ਉਦਘਾਟਨ




**ਕੋਟ-ਈਸੇ-ਖਾਂ (ਮੋਗਾ)/ ਭਵਨਦੀਪ ਸਿੰਘ ਪੁਰਬਾ**


ਸਰਬੱਤ ਦਾ ਭਲਾ ਚੇਰੀਟੇਬਲ ਟਰੱਸਟ ਵੱਲੋਂ ਕੋਟ-ਈਸੇ-ਖਾਂ ਵਿਖੇ ਖੋਲੀ ਗਈ ਸੰਨੀ ਓਬਰਾਏ ਕਲੀਨੀਕਲ ਲੈਬ ਦਾ ਉਦਘਾਟਨ ਉੱਘੇ ਸਮਾਜ ਸੇਵੀ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਵੱਲੋਂ ਆਪਣੇ ਕਰ ਕਮਲਾ ਨਾਲ ਕੀਤਾ ਗਿਆ। ਇਸ ਉਦਘਾਟਨ ਸਮਾਰੋਹ ਸਬੰਧੀ ਜਾਣਕਾਰੀ ਦਿੰਦਿਆਂ ਟਰੱਸਟ ਦੇ ਜ਼ਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ ਰੂਰਲ ਐਨ.ਜੀ.ਓ. ਕਲੱਬਜ ਐਸੋਸ਼ੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਤੇ ਟਰੱਸਟੀ ਸ. ਹਰਭਿੰਦਰ ਸਿੰਘ ਜਾਨੀਆ, ਸ. ਰਾਮ ਸਿੰਘ, ਬਲਾਕ ਪ੍ਰਧਾਨ ਤੇ ਟਰੱਸਟੀ ਸ. ਜਗਤਾਰ ਸਿੰਘ ਦੀ ਦੇਖ-ਰੇਖ ਹੇਠ ਤਿਆਰ ਹੋਈ ਸੰਨੀ ਓਬਰਾਏ ਕਲੀਨੀਕਲ ਲੈਬ ਦਾ ਉਦਘਾਟਨ ਦਾ ਪ੍ਰਭਾਵਸ਼ਾਲੀ ਸਮਾਰੋਹ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ ਅਤੇ ਗੋਕਲ ਚੰਦ ਬੁੱਘੀਪੁਰਾ ਅਤੇ ਰਣਜੀਤ ਸਿੰਘ ਧਾਲੀਵਾਲ ਦੀ ਦੇਖ-ਰੇਖ ਹੇਠ ਹੋਇਆ।

ਇਸ ਉਦਘਾਟਨ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ ਡਾ. ਐਸ.ਪੀ. ਸਿੰਘ ਉਬਰਾਏ ਜੀ ਦਾ ਕੋਟ-ਈਸੇ-ਖਾਂ ਪਹੁੰਚਣ ਤੇ ਟਰੱਸਟ ਦੀ ਮੋਗਾ ਜ਼ਿਲ੍ਹਾ ਇਕਾਈ ਅਤੇ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਦੇ ਅਹੁੱਦੇਦਾਰਾ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਦੇ ਨਾਲ ਡਾ. ਦਲਜੀਤ ਸਿੰਘ ਗਿੱਲ (ਸਲਾਹਕਾਰ, ਸਿਹਤ ਸੇਵਾਵਾਂ), ਡਾ. ਬੇਦੀ ਜੀ, ਕੁਲਦੀਪ ਸਿੰਘ ਆਦਿ ਮੁੱਖ ਤੌਰ ਤੇ ਹਾਜ਼ਰ ਸਨ। ਇਸ ਲੈਬ ਦੇ ਉਦਘਾਟਨ ਕਰਨ ਮੌਕੇ ਬੋਲਦਿਆਂ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਨੇ ਦੱਸਿਆ ਕਿ ਲੋਕਾਂ ਨੂੰ ਸਸਤੀ ਸਿਹਤ ਸਹੂਲਤ ਲੈਬ ਟੈਸਟ ਦੇਣ ਦੇ ਮਕਸਦ ਨਾਲ ਅਸੀਂ ਸਭ ਤੋਂ ਪਹਿਲਾ ਪਟਿਆਲਾ ਅਤੇ ਸੰਗਰੂਰ ਵਿਖੇ ਦੋ ਲੈਬਾਟਰੀਆਂ ਖੋਲ੍ਹੀਆਂ ਗਈਆ ਸੀ। ਇਸੇ ਤਹਿਤ ਅੱਜ ਕੋਟ-ਈਸੇ-ਖਾਂ ਵਿਖੇ ਖੋਲੀ ਗਈ ਲੈਬਾਰਟੀ ਦਾ ਉਦਘਾਟਨ ਕੀਤਾ ਹੈ। ਉਬਰਾਏ ਸਾਹਿਬ ਨੇ ਲਬਾਟਰੀ ਵਾਸਤੇ ਬਿਨ੍ਹਾਂ ਕਿਰਾਏ ਤੋਂ ਆਪਣੀ ਜਗ੍ਹਾ ਦੇਣ ਲਈ ਸੁਸ਼ੀਲ ਕੁਮਾਰ ਅਰੋੜਾ ਦਾ ਧੰਨਵਾਦ ਕੀਤਾ।

ਇਸ ਸਮਾਗਮ ਵਿੱਚ ਟਰੱਸਟ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਗੋਕਲ ਚੰਦ ਬੁੱਘੀਪੁਰਾ, ਰਣਜੀਤ ਸਿੰਘ ਧਾਲੀਵਾਲ, ਰੂਰਲ ਐਨ.ਜੀ.ਓ. ਕਲੱਬਜ ਐਸੋਸ਼ੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਬਲਾਕ ਪ੍ਰਧਾਨ ਜਗਤਾਰ ਸਿੰਘ ਜਾਨੀਆ, ਸ. ਗੁਰਬਚਨ ਸਿੰਘ ਗਗੜਾ, ਐਨ.ਆਰ.ਆਈ. ਸ. ਹਰਭਜਨ ਸਿੰਘ ਗਗੜਾ, ਦਰਸ਼ਨ ਸਿੰਘ ਲੋਪੋ, ਗੁਰਸੇਵਕ ਸਿੰਘ ਸੰਨਿਆਸੀ, ਹਰਜਿੰਦਰ ਸਿੰਘ ਕਤਨਾ (ਪ੍ਰਧਾਨ ਫਿਰੋਜ਼ਪੁਰ ਇਕਾਈ), ਅਮਰਜੀਤ ਕੌਰ (ਉੱਪ ਪ੍ਰਧਾਨ ਫਿਰੋਜ਼ਪੁਰ ਇਕਾਈ), ਰਾਮ ਸਿੰਘ ਜਾਨੀਆ, ਗੁਰਚਰਨ ਸਿੰਘ ਕਾਕਾ, ਮਹਿੰਦਰਪਾਲ, ਜਸਵਿੰਦਰ ਸਿੰਘ ਰਖਰਾ, ਡਾ. ਸਰਜੀਤ ਸਿੰਘ ਰਾਮਗੜ੍ਹ, ਦਵਿੰਦਰ ਸਿੰਘ ਤਲਵੰਡੀ ਨੋ-ਬਹਾਰ, ਗੁਰਪ੍ਰੀਤ ਸਿੰਘ ਮਾਨ, ਕਰਨਪਾਲ ਭੁੱਲਰ, ਹਰਵਿੰਦਰ ਸੰਧੂ ਸਟਾਫ ਮੈਂਬਰ ਅਮਨਦੀਪ ਸਿੰਘ ਅਤੇ ਮੈਡਮ ਸੋਨੀਆ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

# ਡਾ. ਐਸ.ਪੀ. ਸਿੰਘ ਉਬਰਾਏ ਵੱਲੋਂ 'ਮਹਿਕ ਵਤਨ ਦੀ ਗਰੁੱਪ' ਦੀ ਡਾਇਰੀ ਦਾ ਦੂਜਾ ਐਡੀਸ਼ਨ ਲੋਕ ਅਰਪਣ

## ਮੈਨੂੰ ਮਾਣ ਹੈ ਕਿ ਮੈਂ ਡਾ. ਐਸ.ਪੀ. ਸਿੰਘ ਉਬਰਾਏ ਜੀ ਦੇ ਟਰੱਸਟ ਦਾ ਜ਼ਿਲ੍ਹਾ ਪ੍ਰੈਸ ਸਕੱਤਰ ਹਾਂ - ਭਵਨਦੀਪ ਸਿੰਘ




**ਮੋਗਾ/ ਮਵਦੀਲਾ ਬਿਓਰੋ**

'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਨੇ ਆਪਣੇ ਨਿੱਜੀ ਦਫਤਰ ਤੋਂ ਪ੍ਰੈਸ ਨੋਟ ਜਾਰੀ ਕਰਦਿਆ ਦੱਸਿਆ ਕਿ 'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਸਲਾਨਾ ਡਾਇਰੀ 2024 ਦਾ ਦੂਜਾ ਐਡੀਸ਼ਨ ਸਰਬੱਤ ਦਾ ਭਲਾ ਚੇਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਉੱਘੇ ਸਮਾਜ ਸੇਵੀ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਵੱਲੋਂ ਕੋਟ-ਈਸੇ-ਖਾਂ ਵਿਖੇ ਆਪਣੇ ਕਰ ਕਮਲਾ ਨਾਲ ਲੋਕ ਅਰਪਣ ਕੀਤਾ ਗਿਆ ਹੈ।

ਉਨ੍ਹਾਂ ਨੇ ਦੱਸਿਆ ਕਿ ਇਸ ਸਲਾਨਾ ਡਾਇਰੀ ਦਾ ਪਹਿਲਾ ਐਡੀਸ਼ਨ ਦੀਵਾਲੀ ਮੌਕੇ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਅਤੇ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਵੱਲੋਂ ਰਿਲੀਜ਼ ਕੀਤਾ ਗਿਆ ਸੀ। ਡਾਇਰੀ ਦਾ ਦੂਸਰਾ ਨਵੇਂ ਸਾਲ ਦਾ ਐਡੀਸ਼ਨ ਉਬਰਾਏ ਸਾਹਿਬ ਵੱਲੋਂ ਰਿਲੀਜ਼ ਕੀਤਾ ਗਿਆ ਹੈ।

ਇਸ ਮੌਕੇ ਭਵਨਦੀਪ ਵੱਲੋਂ ਡਾਕਟਰ ਐਸ.ਪੀ. ਸਿੰਘ ਉਬਰਾਏ ਜੀ ਨਾਲ 'ਮਹਿਕ ਵਤਨ ਦੀ ਲਾਈਵ' ਮੈਗਜ਼ੀਨ, ਆਨਲਾਈਨ ਅਖਬਾਰ ਅਤੇ ਵੈੱਬ ਟੀ.ਵੀ. ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਭਵਨਦੀਪ ਸਿੰਘ ਪੁਰਬਾ ਨੇ ਕਿਹਾ ਕਿ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਂ ਓਬਰਾਏ ਸਾਹਿਬ ਦੇ ਟਰੱਸਟ ਦਾ ਜ਼ਿਲ੍ਹਾ ਪ੍ਰੈਸ ਸਕੱਤਰ ਹਾਂ।

ਇਸ ਮੌਕੇ ਡਾ. ਐਸ.ਪੀ. ਸਿੰਘ ਉਬਰਾਏ ਜੀ ਦੇ ਨਾਲ ਡਾ. ਦਲਜੀਤ ਸਿੰਘ ਗਿੱਲ (ਸਲਾਹਕਾਰ, ਸਿਹਤ ਸੇਵਾਵਾਂ), ਡਾ. ਬੇਦੀ ਜੀ, ਕੁਲਦੀਪ ਸਿੰਘ ਅਤੇ ਟਰੱਸਟ ਦੀ ਮੋਗਾ ਜ਼ਿਲ੍ਹੇ ਦੀ ਇਕਾਈ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਪ੍ਰਧਾਨ ਰਣਜੀਤ ਸਿੰਘ ਧਾਲੀਵਾਲ, ਜ਼ਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਰੂਰਲ ਐਨ.ਜੀ.ਓ. ਕਲੱਬਜ ਐਸੋਸ਼ੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਤੇ ਟਰੱਸਟੀ ਹਰਭਿੰਦਰ ਸਿੰਘ ਜਾਨੀਆ, ਖਜ਼ਾਨਚੀ ਗੋਕਲ ਚੰਦ ਬੁੱਘੀਪੁਰਾ, ਸਾਬਕਾ ਚੇਅਰਮੈਨ ਗੁਰਬਚਨ ਸਿੰਘ ਗਗੜਾ, ਜਗਤਾਰ ਸਿੰਘ ਜਾਨੀਆ, ਹਰਭਜਨ ਸਿੰਘ ਗਗੜਾ, ਦਰਸ਼ਨ ਸਿੰਘ ਲੋਪੋ, ਗੁਰਸੇਵਕ ਸਿੰਘ ਸੰਨਿਆਸੀ, ਰਾਮ ਸਿੰਘ ਜਾਨੀਆ, ਗੁਰਚਰਨ ਸਿੰਘ ਕਾਕਾ ਆਦਿ ਮੁੱਖ ਤੌਰ ਤੇ ਹਾਜ਼ਰ ਸਨ।





# ਸ਼੍ਰੀ ਗੋਕਲ ਚੰਦ ਬੁੱਘੀਪੁਰਾ ਵੱਲੋਂ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਨੂੰ 21,000/- ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ



**ਮੋਗਾ/ ਮਵਦੀਲਾ ਬਿਓਰੋ**

ਸਰਬੱਤ ਦਾ ਭਲਾ ਚੇਰੀਟੇਬਲ ਟਰੱਸਟ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਗੋਕਲ ਚੰਦ ਬੁੱਘੀਪੁਰਾ ਵੱਲੋਂ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਨੂੰ 21,000/- ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਜ਼ਿਲ੍ਹਾ ਮੁੱਖ ਦਫਤਰ ਬਸਤੀ ਗੋਬਿੰਦਗੜ੍ਹ ਵਿਖੇ ਇਕ ਸਮਾਗਮ ਦੌਰਾਨ ਇਹ ਰਾਸ਼ੀ ਭੇਂਟ ਕਰਦਿਆ ਸ਼੍ਰੀ ਗੋਕਲ ਚੰਦ ਬੁੱਘੀਪੁਰਾ ਨੇ ਕਿਹਾ ਕਿ ਸਾਨੂੰ ਆਪਣੀ ਕਮਾਈ ਦਾ ਕੁੱਝ ਹਿੱਸਾ ਜ਼ਰੂਰ ਚੰਗੇ ਤੇ ਨੇਕ ਕੰਮਾਂ ਤੇ ਲਗਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਡਾਇਰੈਕਟਰ ਉੱਘੇ ਸਮਾਜ ਸੇਵੀ ਡਾ. ਐਸ.ਪੀ. ਸਿੰਘ ਓਬਰਾਏ ਜੀ ਵਰਗੀਆਂ ਸਖਸ਼ੀਅਤਾਂ ਦੇ ਜੀਵਨ ਤੋਂ ਸੇਧ ਲੈ ਕੇ ਉਨ੍ਹਾਂ ਦੇ ਕਦਮ ਚਿੰਨ੍ਹਾਂ ਤੇ ਚੱਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਓਬਰਾਏ ਸਾਹਿਬ ਵਰਗੇ ਮਹਾਨ ਵਿਅਕਤੀਆਂ ਦੀ ਰੀਸ ਤਾਂ ਨਹੀਂ ਕਰ ਸਕਦੇ ਪਰ ਸਾਨੂੰ ਉਨ੍ਹਾਂ ਦੇ ਕਦਮ ਚਿੰਨ੍ਹਾਂ ਤੇ ਚੱਲਦਿਆ ਸਮਾਜ ਵਿੱਚ ਆਪਣਾ ਤਿਲ ਮਤਾਰ ਯੋਗਦਾਨ ਜ਼ਰੂਰ ਪਾਉਣਾ ਚਾਹੀਦਾ ਹੈ।

ਸ਼੍ਰੀ ਗੋਕਲ ਚੰਦ ਬੁੱਘੀਪੁਰਾ ਨੇ 21,000/- ਰੁਪਏ ਦੀ ਰਾਸ਼ੀ ਰੂਰਲ ਐਨ.ਜੀ.ਓ. ਕਲੱਬਜ ਐਸੋਸ਼ੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ ਨੂੰ ਸੌਂਪੀ। ਇਸ ਮੌਕੇ ਉਨ੍ਹਾਂ ਦੇ ਨਾਲ ਜਿਲ੍ਹਾ ਪ੍ਰੈਸ ਸਕੱਤਰ ਅਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਮੋਗਾ ਦੇ ਚੇਅਰਮੈਨ ਹਰਜਿੰਦਰ ਸਿੰਘ ਚੁਗਾਵਾਂ, ਸ. ਗੁਰਬਚਨ ਸਿੰਘ ਗਗੜਾ, ਗੁਰਸੇਵਕ ਸਿੰਘ ਸੰਨਿਆਸੀ, ਦਵਿੰਦਰਜੀਤ ਸਿੰਘ ਗਿੱਲ, ਰਣਜੀਤ ਸਿੰਘ ਧਾਲੀਵਾਲ, ਰਾਮ ਸਿੰਘ ਆਦਿ ਮੁੱਖ ਤੌਰ 'ਤੇ ਹਾਜ਼ਰ ਸਨ।

ਵਧੀਆ ਕੁਆਲਿਟੀ ਵਿਚ ਫਲੈਕਸਾਂ, ਵਾਲਪੇਪਰ ਬਣਾਉਣ ਅਤੇ ਫਲੈਕਸਾਂ ਲਗਵਾਉਣ ਲਈ

**ਜੰਤਰੀਆਂ, ਕੈਲੰਡਰ, ਡਾਇਰੀਆਂ, ਮੈਗਜ਼ੀਨ, ਪੁਸਤਕਾਂ ਛਪਵਾਉਣ ਅਤੇ**

ਪੁਸਤਕਾਂ ਨੂੰ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ :

**ਮਹਿਕ ਵਤਨ ਦੀ ਐਡਵਰਟਾਈਜਮੈਂਟ ਕੰਪਨੀ (ਰਜਿ:)**

Help Line : 9988-92-9988

e-mail: mehakwatandilive@rediffmail.com

www.mehakwatandilive.com




ਓਅੰ ਸੋਹੰ ਸਤਿਨਾਮ।। ਓਮ ਸ਼੍ਰੀ ਚੰਦਰਾਏ ਨਮਹ।। ਓਅੰ ਸੋਹੰ ਸਤਿਨਾਮ।।

ਏਕੋ ਸਿਮਰੋ ਨਾਨਕਾ ਜੋ ਜਲ ਥਲ ਰਿਹਾ ਸਮਾਏ।। ਦੂਜਾ ਕਾਹੇ ਸਿਮਰੀਐ ਜੰਮੇ ਤੇ ਮਰ ਜਾਏ।।

**ਉੱਚਾ ਡੇਰਾ ਬਾਬਾ ਵੀਰਮਦਾਸ ਜੀ**

ਪਿੰਡ ਖੋਸਾ ਰਣਧੀਰ (ਜਿਲ੍ਹਾ ਮੋਗਾ) ਦੇ

**ਮੁੱਖ ਸੇਵਾਦਾਰ: ਸੰਤ ਬਾਬਾ ਜਗਦੀਸ਼ ਦਾਸ ਜੀ**

ਜੋ 30 ਜਨਵਰੀ 2024 ਨੂੰ ਸਵੇਰੇ ਪ੍ਰਲੋਕ ਗਮਨ ਕਰ ਗਏ ਹਨ। ਉਨ੍ਹਾਂ ਦੇ ਨਮਿਤ ਰੱਖੀ ਗਈ ਪਾਠਾਂ ਦੀ ਲੜੀ ਦੇ ਭੋਗ ਅਤੇ ਉਨ੍ਹਾਂ ਦੀ

**ਅੰਤਿਮ ਅਰਦਾਸ 15 ਫਰਬਰੀ 2024 ਨੂੰ**



ਉੱਚਾ ਡੇਰਾ ਬਾਬਾ ਵੀਰਮਦਾਸ ਜੀ ਖੋਸਾ ਰਣਧੀਰ (ਜਿਲ੍ਹਾ ਮੋਗਾ) ਵਿਖੇ ਹੋਵੇਗੀ।

ਦੇਸ਼ ਵਿਦੇਸ਼ ਦੀ ਸਮੂੰਹ ਸੰਗਤ ਨੂੰ ਬਾਬਾ ਜਜਦੀਸ਼ ਦਾਸ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ਜੀ।

International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ Web TV 'Mehak Watan Di Live' ਲਾਈਵ

ਬਾਬਾ ਜਗਦੀਸ਼ ਦਾਸ ਜੀ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਦਾ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ ਤੇ ਪ੍ਰਸਾਰਨ ਕੀਤਾ ਜਾਵੇਗਾ।




ੴ ਸਤਿਗੁਰ ਪ੍ਰਸਾਦਿ ॥

"ਧੰਨ ਧੰਨ ਬਾਬਾ ਨਰਾਇਣ ਹਰੀ ਜੀ" "ਧੰਨ ਧੰਨ ਬਾਬਾ ਪਾਲਾ ਸਿੰਘ ਜੀ"

**ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ**

ਇਥੇ ਅਸਥਾਨ ਤੇ ਮੁੱਖ ਸੇਵਾਦਾਰ ਬਾਬਾ ਪਵਨਦੀਪ ਸਿੰਘ ਜੀ ਦੀ ਸ੍ਰਪਰਸਤੀ ਹੇਠ ਸਿੱਖ ਇਤਿਹਾਸ ਨੂੰ ਪ੍ਰਫੁਲਤ ਕਰਦਾ ਸਿੱਖ ਅਜਾਇਬ ਘਰ ਸਥਾਪਿਤ ਹੈ ਜੋ ਨੋਜਵਾਨਾਂ ਨੂੰ ਸਿੱਖ ਧਰਮ ਬਾਰੇ ਜਾਣੂ ਕਰਵਾ ਕੇ ਉਨ੍ਹਾਂ ਨੂੰ ਸਿੱਖੀ ਧਾਰਨ ਕਰਨ ਲਈ ਪ੍ਰੇਰਿਤ ਕਰਦਾ ਹੈ ਅਤੇ ਇਥੇ ਇੱਕ ਵਿਸ਼ਾਲ ਚਿੜੀਆਂ ਘਰ ਬਣਾਇਆ ਗਿਆ ਹੈ ਜੋ ਕੁਦਰਤੀ ਨਜਾਰਾ ਪੇਸ਼ ਕਰਦਾ ਹੈ। ਇਸ ਚਿੜੀਆ ਘਰ ਵਿੱਚ ਕਈ ਤਰ੍ਹਾਂ ਦੇ ਪੰਛੀ ਅਤੇ ਜਾਨਵਰ ਹਨ ਜਿਨ੍ਹਾਂ ਦੀ ਚੰਗੀ ਤਰ੍ਹਾਂ ਦੇਖ-ਭਾਲ ਕੀਤੀ ਜਾਂਦੀ ਹੈ।





28 ਫਰਬਰੀ ਨੂੰ ਗੁਰਦੁਆਰਾ ਸੰਤ ਬਾਬਾ ਪਾਲਾ ਸਿੰਘ ਜੀ ਪਿੰਡ ਕੜਿਆਲ ਵਿਖੇ ਬਰਸ਼ੀ ਸਮਾਗਮ ਸ਼ੁਰੂ ਹੁੰਦਾ ਹੈ 07 ਮਾਰਚ ਨੂੰ ਸਮਾਪਤੀ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗਾਂ ਉਪਰੰਤ ਵਿਸ਼ਾਲ ਧਾਰਮਿਕ ਦੀਵਾਨ ਸਜਦੇ ਹਨ। 09 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਇਸੇ ਅਸਥਾਨ ਤੇ ਸਮਾਗਮ ਸ਼ੁਰੂ ਹੁੰਦਾ ਹੈ ਜਿਸ ਦੀ ਸਮਾਪਤੀ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 15 ਸਤੰਬਰ ਨੂੰ ਦਿਨੇ ਪਾਏ ਜਾਂਦੇ ਹਨ। ਉਪਰੰਤ ਵਿਸ਼ਾਲ ਧਾਰਮਿਕ ਦੀਵਾਨ ਸਜਦੇ ਹਨ।

ਮੁੱਖ ਸੇਵਾਦਾਰ: **ਸੰਤ ਬਾਬਾ ਪਵਨਦੀਪ ਸਿੰਘ ਜੀ ਕੜਿਆਲ ਵਾਲੇ**

**ਏਕਮ ਟਿਊਸ਼ਨ ਸੈਂਟਰ**

ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ

**EKAM Tution Center**

All Subject of Nursury to 8 th Classes



CBSE / ICSE / Punjab School Edu. Board

ਏ.ਸੀ. ਕਲਾਸ ਰੂਮ, ਵਾਈ-ਫਾਈ

ਕੰਪਿਊਟਰ ਪ੍ਰੈਕਟ ਆਊਟ

*Center: Basti Gobindgarh*

*Near Ghalan Walia Di Atta Chakki*

*1195, Ajit Nagar, Moga*

**Contact: 96460-21463**



ਧੰਨ ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ


ੴ ਸਤਿਗੁਰ ਪ੍ਰਸਾਦਿ ॥

ਗਰੀਬਾਂ ਲੋੜਵੰਦਾਂ ਦਾ ਸਹਾਰਾ ਜਾਣਿਆ ਜਾਂਦਾ

ਉੱਤਰ ਭਾਰਤ ਦਾ ਪ੍ਰਸਿੱਧ ਧਾਰਮਿਕ ਅਸਥਾਨ

## ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ

ਪਿੰਡ ਚੰਦਪੁਰਾਣਾ (ਮੋਗਾ) ਵਿਖੇ



ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ

ਸ਼ਹੀਦ ਬਾਬਾ ਤੇਗਾ ਸਿੰਘ ਜੀ ਦੀ ਯਾਦ ਨੂੰ ਸਮਰਪਿਤ

# ਸਾਲਾਨਾ ਸ਼ਹੀਦੀ ਜੋੜ ਮੇਲਾ

ਅਤੇ ਇਸ ਅਸਥਾਨ ਦੇ ਬਾਨੀ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਯਾਦ ਵਿਚ

ਮਿਤੀ 17 ਮਾਰਚ 2024 (4 ਚੇਤ) ਦਿਨ ਐਤਵਾਰ ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ

ਸਲਾਨਾ ਸ਼ਹੀਦੀ ਸਮਾਗਮ ਨੂੰ ਸਮਰਪਿਤ ਨਿਰੰਤਰ ਚੱਲ ਰਹੀ ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗਾਂ ਉਪਰੰਤ ਸਵੇਰੇ 9.00 ਵਜੇ ਤੋਂ ਸ਼ਾਮ 4.00 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ।

ਜਿਸ ਵਿਚ ਪ੍ਰਸਿੱਧ ਕਥਾਵਾਚਕਾਂ, ਢਾਡੀ, ਰਾਗੀ ਤੇ ਸੰਤ ਮਹਾਂਪੁਰਖ ਸੰਗਤਾਂ ਨੂੰ ਗੁਰਇਤਿਹਾਸ ਸੁਣਾ ਕੇ ਨਿਹਾਲ ਕਰਨਗੇ।

ਇਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਸਭ ਤੋਂ ਛੋਟੇ **1 ਇੰਚ ਆਕਾਰ ਦੀ ਬੀੜ** ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਣਗੇ।

ਨੋਟ - ਇਹ ਗੁਰਦੁਆਰਾ ਸਾਹਿਬ ਬਾਘਾ ਪੁਰਾਣਾ ਤੋਂ 6 ਕਿਲੋਮੀਟਰ ਅਤੇ ਮੋਗਾ ਤੋਂ 12 ਕਿਲੋਮੀਟਰ ਦੀ ਦੂਰੀ 'ਤੇ ਮੇਨ ਰੋਡ ਨੇੜੇ ਸਥਿਤ ਹੈ।

ਸੋ ਆਪ ਸਭ ਸੰਗਤਾਂ ਨੇ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ।



ਮੁੱਖ ਸੇਵਾਦਾਰ

**ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣਾ**

ਅਤੇ ਸਮੂਹ ਸੇਵਾਦਾਰ

ਸੰਪਰਕ ਨੰ : 98148-41305


Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016